# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 29 ਜੁਲਾਈ 2025 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਰੂ ਨਾਨਕ ਜਹਾਜ਼ ਦਿਹਾੜੇ 'ਤੇ ਸਰੀ ਸਿਟੀ ਹਾਲ ਵਿਚ ਯਾਦਗਾਰੀ ਸਮਾਗਮ

### 'ਗੁਰੂ ਨਾਨਕ ਜਹਾਜ਼' ਨਾਂ ਦੀ ਬਹਾਲੀ ਲਈ ਧਾਰਮਿਕ, ਵਿਦਿਅਕ, ਸਮਾਜਿਕ ਅਤੇ ਸਭਿਆਚਾਰਕ ਸੰਸਥਾਵਾਂ ਇਕਜੁਟ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 29 ਜੁਲਾਈ : ਕੈਨੇਡਾ ਦੇ ਸ਼ਹਿਰ ਸਰੀ ਦੇ ਸਿਟੀ ਹਾਲ ਵਿਚ ਗੁਰੂ ਨਾਨਕ ਜਹਾਜ਼ 111ਵੀਂ ਵਰ੍ਹੇ-ਗੰਢ ਮੌਕੇ ਐਲਾਨਨਾਮਾ ਜਾਰੀ ਕੀਤਾ ਗਿਆ ਹੈ। ਇਸ ਮੌਕੇ ਤੇ ਕੌਂਸਲ ਚੈਂਬਰ ਦੇ ਖਚਾ-ਖਚ ਭਰੇ ਹਾਲ ਕੈਨੇਡਾ ਦੀਆਂ ਦੋ ਦਰਜਨ ਤੋਂ ਵੱਧ ਸੰਸਥਾਵਾਂ ਨੇ ਇੱਕਜੁਟਤਾ ਵਿਖਾਉਂਦਿਆਂ ਬ੍ਰਿਟਿਸ਼ ਬਸਤੀਵਾਦੀ ਨਾਮ ਕਮਾਗਾਟਾਮਾਰੂ ਦੀ ਥਾਂ ਗੁਰਦਿਤ ਸਿੰਘ ਅਤੇ ਮੁਸਾਫਿਰਾਂ ਵੱਲੋਂ ਜਹਾਜ 66,000 ਡਾਲਰ 'ਤੇ ਚਾਰਟਰ ਕਰਨ ਮਗਰੋਂ ਰੱਖੇ ਗਏ 'ਗੁਰੂ ਨਾਨਕ ਜਹਾਜ਼' ਨਾਂ ਨੂੰ ਬਹਾਲ ਕਰਨ ਲਈ ਅਹਿਦ ਲਿਆ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਪ੍ਰੋਗਰਾਮ ਦੌਰਾਨ ਡਾ. ਗੁਰਵਿੰਦਰ ਸਿੰਘ ਨੇ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਭ ਨੂੰ ਜੀ ਆਇਆਂ ਆਖਿਆ। ਗੁਰੂ ਨਾਨਕ ਜਹਾਜ਼ ਦਿਹਾੜੇ ਵਜੋਂ ਇਤਿਹਾਸਿਕ ਮਾਨਤਾ ਮਿਲਣ 'ਤੇ ਇਸ ਸਮਾਗਮ ਵਿੱਚ ਧਾਰਮਿਕ, ਵਿਦਿਅਕ, ਸਮਾਜਿਕ ਅਤੇ ਸਭਿਆਚਾਰਕ ਜਥੇਬੰਦੀਆਂ ਨੇ ਬੇਮਿਸਾਲ ਉਤਸਾਹ ਦਿਖਾਇਆ

ਸਰੀ ਸਿਟੀ ਦੀ ਮੇਅਰ ਮੇਅਰ ਬਰਿੰਡਾ ਲੌਕ ਵੱਲੋਂ ਜਾਰੀ ਐਲਾਨਨਾਮੇ ਨੂੰ ਕੌਂਸਲਰ ਹੈਰੀ ਬੈਂਸ, ਮਨਦੀਪ ਸਿੰਘ ਨਾਗਰਾ, ਲਿੰਡਾ ਐਨਿਸ ਨੇ ਸ਼ਹੀਦ ਭਾਈ ਜਸਸੰਤ ਸਿੰਘ ਖਾਲੜਾ ਦੇ ਪੁੱਤਰ ਜਨਮੀਤ ਸਿੰਘ ਖਾਲੜਾ ਨੂੰ ਭੇਟ ਕੀਤਾ, ਜਿਸ ਦੇ ਪੜਦਾਦਾ ਭਾਈ ਹਰਨਾਮ ਸਿੰਘ ਖਾਲੜਾ ਗੁਰੂ ਨਾਨਕ ਜਹਾਜ਼ ਰਾਹੀਂ ਕੈਨੇਡਾ ਪਹੁੰਚੇ ਸਨ। ਇਸ ਐਲਾਨਨਾਮੇ ਦੇ ਉਪਰਾਲੇ ਵਿੱਚ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸਰਬਜੀਤ ਸਿੰਘ ਬੈਂਸ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਮੌਕੇ 'ਤੇ ਸੈਨੇਟਰ ਬਲਤੇਜ ਸਿੰਘ ਢਿੱਲੋਂ, ਐਮਪੀ ਸੁਖ ਧਾਲੀਵਾਲ, ਐਮਪੀ ਗੁਰਬਖਸ਼ ਸਿੰਘ ਸੈਣੀ, ਐਮਐਲਏਜ ਅਮੀਨਾ ਸ਼ਾਹ, ਗੈਰੀ ਬੈਗ, ਮਨਦੀਪ ਸਿੰਘ ਧਾਲੀਵਾਲ, ਹਰਮਨ ਭੰਗੂ ਤੇ ਜੋਡੀ ਤੂਰ ਨੇ ਵਿਚਾਰ ਸਾਂਝੇ ਕੀਤੇ।

ਪੰਜਾਬ ਤੋਂ ਆਏ ਪ੍ਰਸਿੱਧ ਸੰਗੀਤਕਾਰ ਭਾਈ ਬਲਦੀਪ ਸਿੰਘ ਅਤੇ ਸਿੱਖ ਵਿਦਵਾਨ ਹਰਿੰਦਰ ਸਿੰਘ, ਗਿਆਨ ਸਿੰਘ ਸੰਧੂ, ਪੰਜਾਬ ਪਾਕਿਸਤਾਨ ਤੋਂ ਸਤਿਕਾਰਤ ਸ਼ਖ਼ਸੀਅਤ ਰਾਏ ਅਜ਼ੀਜ਼ ਉੱਲਾ ਖਾਨ ਯਾਦਗਾਰੀ ਦਿਹਾੜੇ ਮੌਕੇ ਪਹੁੰਚੇ ਹੋਏ ਸਨ। ਖਾਲਸਾ ਸਕੂਲ ਦੀ ਟੀਮ ਨੇ ਗੱਤਕੇ ਦੇ ਜੌਹਰ ਦਿਖਾਏ। ਪ੍ਰੋਗਰਾਮ ਦੀ ਸ਼ੁਰੂਆਤ ਮੂਲ ਨਿਵਾਸੀਆਂ ਨੇ ਭਾਵਪੂਰਤ ਤਰੀਕੇ ਨਾਲ ਕੀਤੀ। ਉਪਰੰਤ ਕੈਨੇਡਾ ਦਾ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਸ਼ਬਦ ਗਾਇਨ ਕੀਤੇ ਗਏ।

ਸਮਾਗਮ ਵਿੱਚ ਹਾਜਰ ਸੰਸਥਾਵਾਂ ਨੂੰ ਗੁਰੂ ਨਾਨਕ ਦਾ ਜਹਾਜ਼ ਯਾਦਗਾਰੀ ਦਿਹਾੜੇ 'ਤੇ ਜਾਰੀ ਐਲਾਨਨਾਮੇ ਭੇਟ ਕੀਤੇ ਗਏ। ਯਾਦਗਾਰੀ ਸਮਾਗਮ ਦੇ ਅਖੀਰ ਵਿੱਚ ਧੰਨਵਾਦ ਰਾਜ ਸਿੰਘ ਭੰਡਾਲ ਵੱਲੋਂ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਇਤਿਹਾਸਿਕ ਹਵਾਲਿਆਂ ਦੀ ਗੱਲ ਕਰਦਿਆਂ, ਕੈਨੇਡਾ ਵਿੱਚ ਫੈਡਰਲ ਪੱਧਰ ਦੇ ਮਾਫੀਨਾਮੇ ਵਿੱਚ ਵੀ ਮੁੱਖ ਨਾਂ ਗੁਰੂ ਨਾਨਕ ਜਹਾਜ਼ ਕਰ ਕੇ ਗਲਤੀ ਦੀ ਸੁਧਾਈ ਦਾ ਸੁਨੇਹਾ ਦਿੱਤਾ ਗਿਆ। ਇਤਿਹਾਸ ਗਲਤੀਆਂ ਨੂੰ ਦਰੁਸਤ ਕਰਨ ਤੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਵਾਸਤੇ ਕੀਤੀ ਗਏ ਇਸ ਪ੍ਰੋਗਰਾਮ ਦਾ ਸੰਚਾਲਨ ਸਾਹਿਬ ਕੌਰ ਵੱਲੋਂ ਕੀਤਾ ਗਿਆ।

ਪ੍ਰੋਗਰਾਮ ਦੌਰਾਨ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਕੁਲਦੀਪ ਸਿੰਘ ਗੜਗੱਜ ਵਲੋਂ 23 ਜੁਲਾਈ ਦਾ ਦਿਨ ਪੰਜਾਬ ਅਤੇ ਭਾਰਤ ਪੱਧਰ 'ਤੇ ਗੁਰੂ ਨਾਨਕ ਜਹਾਜ ਯਾਦਗਾਰੀ ਦਿਹਾੜਾ ਐਲਾਨੇ ਜਾਣ ਅਤੇ ਇਸ ਸਬੰਧੀ ਇਤਿਹਾਸ ਦੀਆਂ ਕਿਤਾਬਾਂ ਦਰੁਸਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਧੰਨਵਾਦ ਕੀਤਾ ਗਿਆ।

## ਉੱਘੇ ਸਮਾਜ ਸੇਵੀ ਅਤੇ ਸਾਹਿਤ ਪ੍ਰੇਮੀ ਇੰਜੀ. ਜੇ.ਬੀ. ਸਿੰਘ ਕੋਚਰ ਦੀ ਨਿੱਘੀ ਯਾਦ ਵਿਚ ਪੁਰਸਕਾਰ ਵੰਡ ਸਮਰੋਹ ਕਵੀ ਦਰਬਾਰ ਹੋਇਆ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ



ਲੁਧਿਆਣਾ, 29 ਜੁਲਾਈ : ਪੰਜਾਬੀ ਦੀ ਨਾਮਵਰ ਗ਼ਜ਼ਲਗੋ ਅਤੇ ਨੈਸ਼ਨਲ ਤੇ ਸਟੇਟ ਅਵਾਰਡੀ ਅਧਿਆਪਕਾ (ਸੇਵਾ ਮੁਕਤ) ਡਾ. ਗੁਰਚਰਨ ਕੌਰ ਕੋਚਰ ਜੋ ਪੰਜਾਬੀ ਸਾਹਿਤ ਅਕਾਡਮੀ ਦੀ ਉਪ ਪ੍ਰਧਾਨ ਵੀ ਹਨ ਦੀ ਅਗਵਾਈ ਹੇਠ ਸਥਾਨਕ ਪੰਜਾਬੀ ਭਵਨ ਦੇ ਰਾਣਾ ਦਲਜੀਤ ਸਿੰਘ ਸੈਮੀਨਾਰ ਹਾਲ ਵਿਖੇ ਅੱਜ ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਲੁਧਿਆਣਾ ਵਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਸਹਿਯੋਗ ਨਾਲ ਇੰਜੀ. ਜੇ. ਬੀ. ਸਿੰਘ ਕੋਚਰ ਯਾਦਗਾਰੀ ਦੂਸਰਾ ਸਾਲਾਨਾ ਪੁਰਸਕਾਰ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਾਹਿਤਕਾਰਾ ਡਾਕਟਰ ਰਾਜਵੰਤ ਕੌਰ ਪੰਜਾਬੀ, ਉੱਘੇ ਸਾਹਿਤਕਾਰ ਅਤੇ ਸੇਵਾ ਮੁਕਤ ਸਰਕਾਰੀ ਉੱਚ ਅਧਿਕਾਰੀ ਭਗਤ ਰਾਮ ਰੰਗਾੜਾ ਨੂੰ ਇੰਜੀ. ਜੇ. ਬੀ ਸਿੰਘ ਕੋਚਰ ਵਿਸ਼ੇਸ਼ ਯਾਦਗਾਰੀ ਪੁਰਸਕਾਰ ਅਤੇ ਇੰਜੀ. ਜੇ ਬੀ ਸਿੰਘ ਕੋਚਰ ਯਾਦਗਾਰੀ ਯੁਵਾ ਪੁਰਸਕਾਰ ਸ਼ਾਇਰ ਰਮਨ ਸੰਧੂ ਨੂੰ ਭੇਟ ਕੀਤੇ ਗਏ ਜਦਕਿ ਨਾਮਵਰ ਬਜ਼ੁਰਗ ਸਾਹਿਤਕ ਸ਼ਖ਼ਸੀਅਤ ਤੇ ਪ੍ਰਸਿੱਧ ਗ਼ਜ਼ਲਗੋ ਸਿਰੀ ਰਾਮ ਅਰਸ਼ ਜਿਨ੍ਹਾਂ ਦੀ ਤਬੀਅਤ ਨਾਸਾਜ਼ ਹੋਣ ਕਾਰਨ ਨਹੀਂ ਪਧਾਰ ਸਕੇ ਉਨ੍ਹਾਂ ਦੀ ਤਰਫੋਂ ਉਨ੍ਹਾਂ ਦੀ ਨੂੰਹ ਰੀਟਾ ਦੇਵੀ ਅਤੇ ਪੋਤਰੇ ਨਕੁਲ ਨੇ ਇੰਜੀ. ਜੇ ਬੀ ਸਿੰਘ ਕੋਚਰ ਯਾਦਗਾਰੀ ਪੁਰਸਕਾਰ ਪ੍ਰਾਪਤ ਕੀਤਾ । ਪੁਰਸਕਾਰਾਂ ਵਿਚ ਕੁਝ ਧਨ ਰਾਸ਼ੀ, ਦੋਸ਼ਾਲੇ/ਫੁਲਕਾਰੀਆਂ, ਯਾਦਗਾਰੀ ਚਿੰਨ੍ਹ ਅਤੇ ਸਨਮਾਨ ਪੱਤਰ ਦੇ ਕੇ ਨਵਾਜਿਆ ਗਿਆ। ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿਚ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਜ਼ਫ਼ਰ, ਪੰਜਾਬੀ ਸਾਹਿਤ ਅਕਾਦਮੀ ਦੇ ਜ. ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪੰਜਾਬੀ ਸਾਹਿਤ ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਜੌਹਲ ਤੇ ਪ੍ਰੋਫੈਸਰ ਰਵਿੰਦਰ ਭੱਠਲ, ਸਾਹਿਤਕਾਰਾ ਮਨਜੀਤ ਇੰਦਰਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੀਨੀਅਰ ਮੀਤ ਪ੍ਰਧਾਨ ਡਾਕਟਰ ਜੋਗਿੰਦਰ ਸਿੰਘ ਨਿਰਾਲਾ, ਡਾਕਟਰ ਬਲਬੀਰ ਸਿੰਘ ਸੈਣੀ ਆਦਿ ਬਿਰਾਜਮਾਨ ਸਨ । ਸ੍ਵਰ. ਇੰਜੀ. ਜੇ. ਬੀ. ਸਿੰਘ ਕੋਚਰ ਜੋ ਡਾਕਟਰ ਗੁਰਚਰਨ ਕੌਰ ਕੋਚਰ ਦੇ ਕੇਵਲ ਪਤੀ ਹੀ ਨਹੀਂ ਸਨ ਸਗੋਂ ਇਕ ਉੱਚੇ ਤੇ ਸੁੱਚੇ ਕਿਰਦਾਰ ਵਾਲੇ ਸਮਾਜ ਸੇਵੀ ਹੋਣ ਦੇ ਨਾਲ ਕਲਾ ਤੇ ਸਾਹਿਤ ਦੇ ਪ੍ਰੇਮੀ ਵੀ ਸਨ ਦੀ ਯਾਦ ਵਿੱਚ ਇਹ ਪੁਰਸਕਾਰ ਸਾਹਿਤ ਅਤੇ ਸਮਾਜ ਤੇ ਵਿਦਿਆ ਦੇ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਉਤਸ਼ਾਹਿਤ ਕਰਨ ਲਈ ਕੋਚਰ ਪ੍ਰਵਾਰ ਵਲੋਂ ਸਥਾਪਿਤ ਕੀਤੇ ਗਏ ਹਨ। ਪੁਰਸਕਾਰ ਪ੍ਰਾਪਤ ਸ਼ਖ਼ਸੀਅਤਾਂ ਬਾਰੇ ਸਨਮਾਨ ਪੱਤਰ ਕੇ ਸਾਧੂ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਅੰਜੂ ਅਮਨਦੀਪ ਗਰੋਵਰ ਅਤੇ ਤਰਲੋਚਨ ਲੋਚੀ ਵਲੋਂ ਬੜੀ ਸ਼ਿੱਦਤ ਨਾਲ ਪੜ੍ਹੇ ਗਏ। ਪ੍ਰਸਿੱਧ ਸਾਹਿਤਕਾਰਾਂ ਡਾ. ਫ਼ਕੀਰ ਚੰਦ ਸ਼ੁਕਲਾ ਅਤੇ ਅਮਰੀਕ ਸਿੰਘ ਤਲਵੰਡੀ ਵਲੋਂ ਮਰਹੂਮ ਇੰਜੀ ਜੇ ਬੀ ਸਿੰਘ ਕੋਚਰ ਨਾਲ ਬਿਤਾਏ ਯਾਦਗਾਰੀ ਪਲਾਂ ਨੂੰ ਸਾਂਝਿਆਂ ਕੀਤਾ ਗਿਆ। ਵਿਸ਼ੇਸ਼ ਮਹਿਮਾਨਾਂ ਵਿਚ ਸਰਦਾਰ ਪੰਛੀ, ਸ਼੍ਰੋਮਣੀ ਲਿਖਾਰੀ ਬੋਰਡ ਰਜਿ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ, ਡਾ. ਸੰਦੀਪ ਸ਼ਰਮਾ, ਅਰਪਿੰਦਰ ਸੰਧੂ, ਡਾ ਹਰੀ ਸਿੰਘ ਜਾਚਕ, ਹਰਕੇਸ਼ ਮਿੱਤਲ, ਪਾਲ ਗੁਰਦਾਸਪੁਰੀ, ਰਵਿੰਦਰ ਰਵੀ, ਸਾਗਰ ਸਿਆਲਕੋਟੀ, ਤਰਸੇਮ ਨੂਰ, ਸੁਨੀਲ ਸ਼ਰਮਾ, ਰਾਜ਼ ਗੁਰਦਾਸਪੁਰੀ, ਬਿਸ਼ਨ ਦਾਸ, ਜਨਮੇਜਾ ਸਿੰਘ ਜੌਹਲ, ਜਗਜੀਤ ਕਾਫ਼ਿਰ, ਡਾ ਸਾਧੂ ਰਾਮ ਲੰਗਿਆਣਾ, ਡਾ ਜਗਤਾਰ ਧੀਮਾਨ, ਡਾ ਰਮਨਦੀਪ ਸਿੰਘ ਦੀਪ, ਸੁਖਦਰਸ਼ਨ ਗਰਗ, ਅਮਰਜੀਤ ਸਿੰਘ ਜੀਤ, ਡਾ ਗੁਰਚਰਨ ਗਾਂਧੀ, ਮੋਹੀ ਅਮਰਜੀਤ, ਰਾਮ ਲਾਲ ਭਗਤ, ਮਨਦੀਪ ਕੌਰ ਭਦੌੜ, ਪ੍ਰਿੰਸੀਪਲ ਇੰਦਰਜੀਤ ਪਾਲ ਕੌਰ, ਪ੍ਰੋਫੈਸਰ ਸ਼ਰਨਜੀਤ ਕੌਰ, ਸੁਖਦੇਵ ਸਿੰਘ ਗੰਢਵਾਂ, ਗੁਰਚਰਨ ਧੰਜੂ, ਅਜਮੇਰ ਸਿੰਘ ਦੀਵਾਨਾ, ਅਸ਼ੋਕ ਭੰਡਾਰੀ, ਸੋਮ ਨਾਥ, ਗੁਰਦਾਸ ਸਿੰਘ ਦਾਸ ,ਜਸਬੀਰ ਸਿੰਘ ਸੋਹਲ, ਪ੍ਰਮਜੀਤ ਕੌਰ ਮਹਿਕ, ਕੁਲਵਿੰਦਰ ਕਿਰਨ, ਜਸਵਿੰਦਰ ਕੌਰ ਜੱਸੀ, ਗੁਰਮੀਤ ਕੌਰ, ਪ੍ਰਵਿੰਦਰ ਕੌਰ ਲੋਟੇ, ਜਗਦੀਸ਼ ਰਾਣਾ, ਸੁਰਜੀਤ ਸਿੰਘ ਜੀਤ, ਇੰਦਰਜੀਤ ਸਿੰਘ ਥਿੰਦ ਸਮੇਤ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਆਏ ਪਤਵੰਤੇ ਸੱਜਣ ਸ਼ਾਮਲ ਸਨ । ਇਸ ਮੌਕੇ ਕਰਵਾਏ ਗਏ ਕਵੀ ਦਰਬਾਰ ਵਿਚ ਸਹਿਜਪ੍ਰੀਤ ਮਾਂਗਟ, ਦੀਪਕ ਸ਼ਰਮਾ ਚਨਾਰਥਲ, ਜਸਪ੍ਰੀਤ ਅਮਲਤਾਸ, ਸੁਰਿੰਦਰ ਜੈਪਾਲ, ਪ੍ਰਭਜੋਤ ਸੋਹੀ, ਜੋਗਿੰਦਰ ਨੂਰ ਮੀਤ, ਕੋਮਲ ਦੀਪ, ਹਰਲੀਨ ਸੋਨਾ, ਕਰਮਜੀਤ ਸਿੰਘ ਗਰੇਵਾਲ, ਹਰਸਿਮਰਤ ਕੌਰ, ਰਾਜਦੀਪ ਤੂਰ, ਰਮਨਦੀਪ ਕੌਰ ਬਾਜਾਖਾਨਾ, ਮੀਤ ਅਨਮੋਲ, ਡਾ ਇਰਾਦੀਪ ਤ੍ਰੇਹਨ, ਰਾਕੇਸ਼ ਤੇਜਪਾਲ ਜਾਨੀ, ਰਣਜੀਤ ਸਵੀ, ਦੀਪ ਜਗਦੀਪ ਸਿੰਘ, ਗੁਰਮੀਤ ਬੱਬੀ ਬਾਜਾਖਾਨਾ, ਗੁਰਵਿੰਦਰ ਸਿੰਘ ਸ਼ੇਰਗਿੱਲ, ਏਕਤਾ ਭੂਪਾਲ ਸਿੰਘ, ਦੀਪ ਲੁਧਿਆਣਵੀ, ਨੀਲੂ ਬੱਗਾ, ਇੰਦਰਜੀਤ ਕੌਰ ਲੋਟੇ, ਰਜਨੀਸ਼ ਭੱਟੀ ਮਨਜੀਤ ਕੌਰ ਧੀਮਾਨ, ਜ਼ੋਰਦਾਰ ਸਿੰਘ ਪੰਛੀ, ਡਾ ਅਮਨਪ੍ਰੀਤ ਕੌਰ ਕੰਗ, ਸੁਖਬੀਰ ਸੰਧੇ, ਗੁਰਦੀਪ ਸੈਣੀ, ਬਿੰਦਰ ਮਾਝੀ ਆਦਿ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ । ਸੁਖਵਿੰਦਰ ਅਨਹਦ ਅਤੇ ਪ੍ਰਮਿੰਦਰ ਅਲਬੇਲਾ ਨੇ ਸਾਂਝੇ ਤੌਰ ਤੌਰ ਬੜੀ ਤਰਤੀਬ ਨਾਲ ਮੰਚ ਸੰਚਾਲਨ ਕੀਤਾ ਜਦਕਿ ਆਏ ਸਮੁੱਚੇ ਮਹਿਮਾਨਾਂ ਅਤੇ ਕਵੀਆਂ/ਕਵਿਤਰੀਆਂ ਨੂੰ ਵੀ ਯਾਦਗਾਰੀ ਚਿੰਨ੍ਹ ਦੋਸ਼ਾਲੇ/ਫੁਲਕਾਰੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

## 'ਵਿਰਸਾ ਫਾਊਂਡੇਸ਼ਨ' ਐਬਸਫੋਰਡ ਵੱਲੋਂ ਵਿਰਾਸਤੀ ਮਿਲਣੀ 'ਚ ਨਾਮਵਰ ਸ਼ਖਸੀਅਤਾਂ ਦਾ ਸਨਮਾਨ

### ਦੋਹਾਂ ਪੰਜਾਬਾਂ ਦੇ ਲੇਖਕਾਂ ਦੀਆਂ ਪੰਜ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਐਬਸਫੋਰਡ, 29 ਜੁਲਾਈ : ਪੰਜਾਬੀ ਸੱਭਿਆਚਾਰ ਨੂੰ ਸਮਰਪਿਤ 'ਵਿਰਸਾ ਫਾਊਂਡੇਸ਼ਨ' ਐਬਸਫੋਰਡ ਵੱਲੋਂ ਸ਼ਾਨਦਾਰ ਉਪਰਾਲਾ ਕਰਦਿਆਂ, ਧਰਮਵੀਰ ਕੌਰ, ਦਵਿੰਦਰ ਬਚਰਾ, ਬਲਜਿੰਦਰ ਕੌਰ ਸੰਧੂ ਦੀ ਰਹਿਨੁਮਾਈ ਵਿਚ ਸਾਂਝੇ ਯਤਨਾਂ ਰਾਹੀਂ ਐਬਸਫੋਰਡ ਸਥਿਤ ਫਾਰਮ ਹਾਊਸ 'ਤੇ ਸ਼ਾਨਦਾਰ ਢੰਗ ਨਾਲ ਕਰਵਾਇਆ ਗਿਆ। ਪੰਜਾਬੀ ਸੱਭਿਆਚਾਰ ਦੇ ਸਾਜੋ-ਸਮਾਨ ਨਾਲ ਸਜਾਏ ਖੂਬਸੂਰਤ ਮੰਚ ਉਪਰ, ਸਭਿਆਚਾਰਕ ਪੌਸ਼ਾਕਾਂ ਵਿਚ ਸਜੀਆਂ ਕੈਨੇਡੀਅਨ ਪੰਜਾਬਣਾਂ ਨੇ ਲੋਕ ਬੋਲੀਆਂ ਤੇ ਗਿੱਧੇ ਨਾਲ




ਵਿਰਾਸਤੀ ਮਿਲਣੀ ਨੂੰ ਚਾਰ ਚੰਦ ਲਾਉਂਦਿਆਂ, ਪੰਜਾਬੀ ਵਿਰਸੇ ਤੇ ਸਭਿਆਚਾਰ ਦੀ ਅਮੀਰੀ ਨੂੰ ਉਜਾਗਰ ਕੀਤਾ। ਮਰਹੂਮ ਆਰਟਿਸਟ ਜਰਨੈਲ ਸਿੰਘ ਦੀ ਯਾਦ ਨੂੰ ਸਮਰਪਿਤ ਸਮਾਗਮ ਦੌਰਾਨ, ਉਹਨਾਂ ਦੇ ਪਰਿਵਾਰ ਨੂੰ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਤਿਕਾਰ ਦਿੱਤਾ ਗਿਆ।

ਸਮਾਗਮ ਦੌਰਾਨ ਸਾਹਿਤ, ਸੱਭਿਆਚਾਰ ਅਤੇ ਮੀਡੀਏ ਨੂੰ ਸਮਰਪਿਤ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਦਾ ਸਨਮਾਨ ਕੀਤਾ ਗਿਆ। ਫਾਊਂਡੇਸ਼ਨ ਵੱਲੋਂ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੂੰ ਮਾਨਵੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਬਦਲੇ 'ਹਿਊਮਨ ਰਾਈਟਸ ਐਕਟਵਿਸਟ' ਵਜੋਂ ਸਨਮਾਨਿਤ ਕੀਤਾ ਗਿਆ। ਡਾ. ਧਾਲੀਵਾਲ ਨੇ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ, ਜ਼ੁਲਮ ਖਿਲਾਫ ਡਟਣ ਅਤੇ ਮਨੁੱਖੀ ਹੱਕਾਂ ਲਈ ਖੜ੍ਹਨ ਦਾ ਸੁਨੇਹਾ ਦਿੱਤਾ। ਸਨਮਾਨਿਤ ਲਿਖਾਰੀਆਂ ਵਿੱਚ ਡਾ. ਗੁਰਮਿੰਦਰ ਸਿੱਧੂ, ਹਰਕੀਰਤ ਕੌਰ ਚਾਹਲ, ਪ੍ਰੋ ਹਰਿੰਦਰ ਕੌਰ ਸੋਹੀ, ਸੁਖਜੀਤ ਕੌਰ ਹੁੰਦਲ, ਨਵਤੇਜ ਭਾਰਤੀ, ਗੁਰਦੀਪ ਸਿੰਘ ਭੁੱਲਰ, ਜਸਬੀਰ ਕੌਰ ਮਾਨ, ਮੋਹਨ ਬਚੜਾ, ਅਜਮੇਰ ਰੋਡੇ, ਮਨਜੀਤ ਗਿੱਲ, ਬਿੰਦੂ ਮਠਾੜੂ, ਬਲਵੀਰ ਕੌਰ ਢਿੱਲੋਂ, ਜੱਸ ਮਲਕੀਤ, ਜੈਜ ਗਿੱਲ, ਹਰਸ਼ਰਨ ਕੌਰ, ਸ਼ੈਰੀ, ਪ੍ਰੀਤਪਾਲ ਕੌਰ ਪੂਨੀ ਅਟਵਾਲ, ਸੁਰਿੰਦਰ ਕੌਰ ਕੋਟਲੀ, ਸੁਰਜੀਤ ਕਲਸੀ, ਗੁਰਨੂਰ ਸਿੱਧੂ, ਪੱਤਰਕਾਰ ਸਿਮਰਨ ਸਿੰਘ ਸਿਆਟਲ, ਐਂਡੀ ਸਿੱਧੂ, ਹਰਕੀਰਤ ਸਿੰਘ, ਗੁਰਸੇਵ ਸਿੰਘ ਪੰਧੇਰ, ਸੁਖਵਿੰਦਰ ਸਿੰਘ ਚੋਹਲਾ, ਜਰਨੈਲ ਸਿੰਘ ਖੰਡੋਲੀ ਜੀਕੇਐਮ ਟੀਵੀ ਤੇ ਹੋਰ ਸ਼ਖ਼ਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।

ਪ੍ਰਬੰਧਕ ਬੀਬੀ ਧਰਮਵੀਰ ਕੌਰ ਧਾਲੀਵਾਲ ਨੇ ਦੱਸਿਆ ਕਿ ਵਿਰਸਾ ਫਾਊਂਡੇਸ਼ਨ ਵਲੋਂ 9ਵਾਂ ਸਾਲਾਨਾ ਮੇਲਾ ਇਸੇ ਥਾਂ 'ਤੇ 9 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਡਾ. ਬਲਵਿੰਦਰ ਕੌਰ ਬਰਾੜ, ਬਚਿੰਤ ਕੌਰ ਬਰਾੜ ਤੇ ਸਰਬਜੀਤ ਮਾਂਗਟ ਸਮੇਤ ਪ੍ਰਸਿਧ ਵਿਦਵਾਨ/ਕਲਾਕਾਰ ਪੁੱਜ ਰਹੇ ਹਨ।

ਵਿਰਾਸਤੀ ਮਿਲਣੀ ਵਿੱਚ ਲਹਿੰਦੇ ਪੰਜਾਬ ਦੀ ਪ੍ਰਸਿੱਧ ਲੇਖਿਕਾ ਡਾ. ਆਸਮਾ ਕਾਦਰੀ ਦੀ ਪੁਸਤਕ 'ਜਿਮੀਂ ਪੁੱਛੇ ਅਸਮਾਨ', ਡਾ ਰਿਸ਼ੀ ਸਿੰਘ ਤੇ ਸੰਦੀਪ ਸ਼ੰਕਰ ਦੀ ਇਤਿਹਾਸਕ ਪੁਸਤਕ 'ਸਿੱਖ ਹੈਰੀਟੇਜ', ਚੜ੍ਹਦੇ ਪੰਜਾਬ ਦੀ ਮਨਜੀਤ ਕੌਰ ਗਿੱਲ ਦੀ ਪੁਸਤਕ 'ਵਿਰਸੇ ਦਾ ਸੰਦੂਕ', ਹਰਪ੍ਰੀਤ ਧਾਲੀਵਾਲ ਦੀ ਪੁਸਤਕ 'ਸੈਲਫ ਇੰਪਾਵਰਮੈਂਟ' ਤੇ ਡਾ. ਸੁਦਰਸ਼ਨ ਭਗਤ ਤੇ ਡਾ. ਨਿਸ਼ਾ ਡੋਗਰਾ ਦੀ ਪੁਸਤਕ 'ਸਿਹਤ ਵੇਲਾ' ਲੋਕ ਅਰਪਣ ਕੀਤੀਆਂ ਗਈਆਂ ਅਤੇ ਇਨ੍ਹਾਂ ਕਿਤਾਬਾਂ ਦੀ ਅਹਿਮੀਅਤ ਬਾਰੇ ਖੂਬਸੂਰਤ ਸ਼ਬਦਾਂ ਰਾਹੀਂ ਚਾਨਣਾ ਪਾਇਆ ਗਿਆ।

## ਮਾਨਸਰੋਵਰ ਸਾਹਿਤ ਅਕਾਦਮੀ ਵੱਲੋਂ ਕਰਵਾਏ ਜਾਂਦੇ ਲਾਇਵ ਪ੍ਰੋਗਰਾਮ ਨੇ ਪੰਜਾਬੀਅਤ ਦੇ ਖੂਬ ਰੰਗ ਬਿਖੇਰੇ – ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ




ਫ਼ਗਵਾੜਾ 29 ਜੁਲਾਈ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 27 ਜੁਲਾਈ 2025 ਦਿਨ ਐਤਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਗੁਰਮੀਤ ਕੌਰ ਕਾਹਲੋਂ, ਸੁਰਿੰਦਰ ਅਜ਼ਨਬੀ ਜਨਤਾ ਨਗਰ ਧੂਰੀ, ਚਾਹਤਪ੍ਰੀਤ ਕੌਰ ਢਡਿਆਲਾ ਨੱਤ ਬਟਾਲਾ, ਇੰਜ਼ ਜਸਮੇਲ ਸਿੰਘ ਅਤੇ ਹਰਜੀਤ ਕੌਰ ਧੀਮਾਨ ਸ਼ਾਮਿਲ ਹੋਏ ਅਤੇ ਪ੍ਰਵੀਨਾ ਰਾਗ ਨੈੱਟਵਰਕ ਦੀ ਪ੍ਰੇਸ਼ਾਨੀ ਕਰਕੇ ਪ੍ਰੋਗਰਾਮ ਵਿੱਚ ਹਾਜ਼ਰੀ ਨਹੀਂ ਭਰ ਸਕੇ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਗੁਰਮੀਤ ਕੌਰ ਕਾਹਲੋਂ ਅਤੇ ਇੰਜ਼ ਜਸਮੇਲ ਸਿੰਘ ਨੇ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਚਾਹਤਪ੍ਰੀਤ ਕੌਰ ਅਤੇ ਸੁਰਿੰਦਰ ਅਜ਼ਨਬੀ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਹਰਜੀਤ ਕੌਰ ਧੀਮਾਨ ਨੇ ਵੀ ਇੱਕ ਕਵਿਤਾ ਨਾਲ ਖੂਬ ਸਮਾਂ ਬੰਨ੍ਹਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਮਾਤਾ ਪਿਤਾ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੱਤਾ।

## ਸਰਕਾਰੀ ਸੀਨੀ ਸੈਕੰ ਸਕੂਲ ਸਿੰਘਾਂਵਾਲਾ ਮੋਗਾ ਵਿਖੇ ਬਿਊਰੋ ਆਫ ਇੰਡੀਅਨ ਸਟੈਂਡਰਡ ਵੱਲੋਂ ਸਟੈਂਡਰਡ ਰਾਈਟਿੰਗ ਮੁਕਾਬਲੇ ਕਰਵਾਏ

### ਵਿਦਿਆਰਥੀਆਂ ਨੂੰ ਬੀ ਆਈਐਸ ਤੇ ਮਾਨਕਾਂ ਬਾਰੇ ਦਿੱਤੀ ਵਿਸਥਾਰ ਪੂਰਵਕ ਜਾਣਕਾਰੀ

### ਬਿਊਰੋ ਆਫ ਇੰਡੀਅਨ ਸਟੈਂਡਰਡ ਡੀ ਚੰਡੀਗੜ੍ਹ ਬਰਾਂਚ ਵੱਲੋਂ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਾਂਵਾਲਾ ਵਿਖੇ ਸਥਾਪਿਤ ਸਟੈਂਡਰਡ ਕਲੱਬ ਐਸ ਸੀ


ਵਰਲਡ ਪੰਜਾਬੀ ਟਾਈਮਜ਼




ਮੋਗਾ 29 ਜੁਲਾਈ : ਪੁਨੀਤ ਜੈਨ ਦਾ ਸਕੂਲ ਪ੍ਰਿੰਸੀਪਲ ਸ.ਰਣਜੀਤ ਸਿੰਘ ,ਕਲੱਬ ਮੈਨਟਰ ਸ੍ਰੀਮਤੀ ਸਾਕਸ਼ੀ ਸੂਦ ਅਤੇ ਸਮੂਹ BIS ਦੇ ਮੈਂਬਰ ਵਿਦਿਆਰਥੀਆਂ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਪੁਨੀਤ ਜੈਨ ਨੇ ਵਿਦਿਆਰਥੀਆਂ ਨੂੰ ਭਾਰਤੀ ਮਾਨਕ ਬਿਊਰੋ ਅਤੇ ਮਾਨਕਾਂ ਬਾਰੇ ਬਹੁਤ ਵਿਸਥਾਰ ਨਾਲ ਦੱਸਿਆ। ਉਹਨਾਂ ਨੇ ਭਾਰਤੀ ਮਾਨਕ ਬਿਊਰੋ ਦੀ ਐਪ ਬਾਰੇ ਦੱਸਿਆ ਕਿ ਕਿਵੇਂ ਅਸੀਂ ਕਿਸੇ ਚੀਜ਼ ਦੀ ਗੁਣਵੱਤਾ ਸਬੰਧੀ ਕੋਈ ਨੁਕਸ ਹੋਣ ਤੇ ਭਾਰਤੀ ਮਾਨਕ ਬਿਊਰੋ ਨੂੰ ਇਸ ਸਬੰਧੀ ਸ਼ਿਕਾਇਤ ਕਰ ਸਕਦੇ ਹਾਂ ਉਹਨਾਂ ਨੇ ਇਹ ਵੀ ਸਮਝਾਇਆ ਕਿ B IS ਸਟੈਂਡਰਡ ਕਿਸ ਤਰ੍ਹਾਂ ਕਾਰਗੁਜ਼ਾਰੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ ਇਸ ਮੌਕੇ ਦੂਜੇ ਸੈਸ਼ਨ ਵਿੱਚ ਬੱਚਿਆਂ ਦੇ ਸਟੈਂਡਰਡ ਲੇਖਣ ਮੁਕਾਬਲੇ ਕਰਵਾਏ ਗਏ ਇਸ ਮੌਕੇ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਗਏ ਤੇ ਕਲੱਬ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ। ਪ੍ਰਿੰਸੀਪਲ ਸਰਦਾਰ ਰਣਜੀਤ ਸਿੰਘ ਜੀ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਸਾਕਸ਼ੀ ਸੂਦ ਵੱਲੋਂ ਸਟੇਜ ਕਾਰਵਾਈ ਕੀਤੀ ਗਈ। ਇਸ ਮੌਕੇ ਕੈਂਪਸ ਮੈਨੇਜਰ ਸ.ਸਰਕਰਨ ਸਿੰਘ ਅਤੇ ਸਮੂਹ ਸਟਾਫ ਨੇ ਮੁੱਖ ਤੌਰ ਤੇ ਬੀ.ਆਈ.ਐਸ. ਦਾ ਧੰਨਵਾਦ ਕੀਤਾ।

## ਅਰਦਾਸ****

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਅਰਦਾਸ ਵਿਚ ਕਿੰਨੀ ਕੁਝ ਵੱਡੀ ਸ਼ਕਤੀ ਹੈ। ਇਸ ਦਾ ਉੱਤਰ ਗੁਰੂ ਤੇਗਬਹਾਦਰ ਸਾਹਿਬ ਜੀ ਆਪਣੀ ਰਸਨਾ ਤੋਂ ਉਚਾਰਨ ਕੀਤੇ ਹੋਏ ਦੋ ਦਹਾਕਿਆਂ ਰਾਸ਼ੀ ਬੜਾ ਸਪੱਸ਼ਟ ਕਰਦੇ ਹਨ। ਗੁਰੂ ਤੇਗ ਬਹਾਦਰ ਜੀ ਆਖਦੇ ਹਨ। ਤੂੰ ਹਰ ਪਾਸੇ ਤੋਂ ਨਿਰਾਸ਼ ਹੋ ਜਾਏ ਜਿਸ ਵੇਲੇ ਤੇਰੇ ਕੋਲ ਤਾਕਤ ਨਾ ਰਹੇ ਤੇਰਾ ਦੁਨੀਆਂ ਵਿਚ ਕੋਈ ਸਹਾਰਾ ਨਾ ਬਣੇ ਤਾਂ ਉਸ ਵੇਲੇ ਆਪਣੇ ਅੰਦਰ ਆਤਮੇ ਭਿੱਜ ਕੇ ਉਸ ਸਰਵ ਸ਼ਕਤੀਮਾਨ ਦੇ ਚਰਨਾਂ ਵਿਚ ਅਰਦਾਸ ਕਰੀ ਤੇ ਦੇਖੀ ਤੇਰੇ ਅੰਦਰ ਦੀ ਕਮਜ਼ੋਰੀ ਨੂੰ ਤੇਰੇ ਅੰਦਰ। ਦੇ ਦਰਦ ਨੂੰ ਪਰਮਾਤਮਾ ਕਿਸੇ ਤਰ੍ਹਾਂ ਨਵਿਰਤ ਕਰਕੇ ਅਰਦਾਸ ਰਾਹੀਂ ਕਿੰਨੀਂ ਕੁਝ ਸ਼ਕਤੀ ਤੈਨੂੰ ਬਖਸ਼ਦਾ ਹੈ। ਅਸੀਂ ਇਹ ਅੰਮ੍ਰਿਤ ਬਚਨ ਗੁਰ ਜੀ ਦਾ ਪੜ੍ਹਦੇ ਹਾਂ
ਬਲੁ ਛੁਟਕਿਓ ਬੰਧਨ ਪਰੇ
ਇਹ ਅੰਦਰ ਦੀ ਕਮਜ਼ੋਰੀ ਹੈ।
ਹੇ ਵਾਹਿਗੁਰੂ ਜੀ ਅਕਾਲ ਪੁਰਖ ਜੀ ਹੁਣ ਬੰਧਨ ਪੈ ਗਏ ਹਨ ਮੇਰੇ ਅੰਦਰ ਦੀ ਸ਼ਕਤੀ ਬਿਲਕੁਲ ਖਤਮ ਹੋ ਗਈ ਹੈ ਜੇ ਕੋਈ ਯਤਨ ਕਰਦਾ ਹਾਂ ਕੋਈ ਉਪਾਅ ਕਰਕੇ ਇਸ ਸ਼ਕਤੀ ਨੂੰ ਦੁਬਾਰਾ ਕਾਇਮ ਕਰ ਸਕਾਂ ਪਰ ਮੇਰੇ ਕੋਲ ਕੋਈ ਉਪਾਅ ਨਹੀਂ ਕਿ ਇਸ ਤਾਕਤ ਨੂੰ ਮੈਂ ਆਪਣੇ ਅੰਦਰ ਸੰਚਤ ਕਰ ਸਕਾਂ।
ਇੱਥੇ ਗੁਰੂ ਸਾਹਿਬ ਨੇ ਸਾਨੂੰ ਦਸਿਆ ਹੈ ਜੇ ਕੋਈ ਆਪਣੇ ਦਿਲੋਂ ਅੰਦਰ ਭਿੱਜ ਕੇ ਅਰਦਾਸ ਕਰਦਾ ਹੈ ਵਾਹਿਗੁਰੂ ਜੀ ਆਪ ਸੁਣਦੇ ਹਨ। ਬੰਧਨ ਵੀ ਤੋੜ ਦੇਂਦੇ ਹਨ ਜਿਹੜੇ ਸਿਰ ਝੁਕਾ ਕੇ ਡਰ ਡਰ ਕੇ ਦੁਨੀਆਂ ਤੇ ਰਹਿੰਦੇ ਹਨ ਅਰਦਾਸ ਦੀ ਸ਼ਕਤੀ ਕਾਇਰਾਂ ਨੂੰ ਵੀ ਸਿਰ ਚੁੱਕ ਕੇ ਚਲਣ ਦੀ ਸ਼ਕਤੀ ਜੀਉਣ ਦੀ ਤਾਕਤ ਦਿੰਦੀ ਹੈ। ਅਗਲੇ ਬਚਨ ਕਰਦੇ ਹਨ
ਬਲੁ ਹੋਆ ਬੰਧਨ ਛੁਟੇ
ਇਸ ਦਾ ਮਤਲਬ ਇਹ ਕਿ ਅਰਦਾਸ ਵਿਚ ਕਿੰਨੀ ਵੱਡੀ ਤਾਕਤ ਹੈ।
ਅਰਦਾਸ ਦੀ ਸ਼ੁਰੂਆਤ ਕਿਥੋਂ ਹੋਈ।
ਪ੍ਰਿਥਮ ਭਗੌਤੀ ਸਿਮਰਿ ਹੈ।
ਇਹ ਗੁਰੂ ਗੋਬਿੰਦ ਸਿੰਘ ਜੀ ਦੀ ਪਉੜੀ ਹੈ।
ਅਸੀਂ ਪਹਿਲੀ ਅਰਦਾਸ ਤਾਂ ਮਾਂ ਦੇ ਪੇਟ ਵਿਚ ਸ਼ੁਰੂ ਕਰਦੇ ਹਾਂ।
ਦਇਆ ਕਰ ਇਸ ਬੱਲਦੇ ਹੋਏ ਭੱਠ ਵਿਚੋਂ ਮੈਨੂੰ ਬਚਾ ਲੈ ਪਰਮਾਤਮਾ ਅਰਦਾਸ ਸੁਣਦਾ ਹੈ। ਹੇ ਮਨੁੱਖ ਤੇਰੀ ਦੇਹੀ ਕੀਮਤੀ ਹੈ। ਪੰਜਾਂ ਤੱਤਾਂ ਦਾ ਸਰੀਰ ਹੈ। ਸੁਣ ਪਿਆਰੇ ਲੋਕ ਇਹ ਗੱਲ ਆਖਦੇ ਹਨ ਪਰਮਾਤਮਾ ਨੇ ਖ਼ਾਕ ਤੋਂ ਖੁਰਾਕ ਪੈਦਾ ਕੀਤੀ ਹੈ ਖੁਰਾਕ ਤੋਂ ਅੰਨ ਪੈਦਾ ਕੀਤਾ ਹੈ ਅੰਨ ਤੋਂ ਬਿੰਦ ਤੇ ਖੂਨ ਦਾ ਜ ਹੋਇਆ ਹੈ। ਉਸ ਬਿੰਦ। ਤੇ ਖੂਨ ਦੇ ਸੰਬੰਧ ਨਾਲ ਇਹ ਸਰੀਰ ਸਾਡੇ ਹੋਂਦ ਵਿਚ ਆਏ ਪਰ ਜਿਹੜਾ ਜੀਵ ਅਸੀਂ ਲੈਣ ਕੇ ਬੈਠੇ ਹਾਂ ਸਰੀਰ ਵਿਚ ਦਿੱਸਦਾ ਨਹੀਂ ਉਹ ਮਾਤਾ ਦੇ ਕਦਰ ਦੇ ਪਾਣੀ ਦੇ ਬਲੈਡਰ ਵਿਚ ਥਾਂ ਮਿਲੀ ਸਿਰਫ਼ ਇਕ ਹੀ ਸੈਲ ਨੂੰ ਮਿਲੀ ਸਭ ਦੀ ਮੌਤ ਹੋਈ। ਇਸ ਨੂੰ ਨਹੀਂ ਪਤਾ ਮੈਂ ਕਿਸ ਘਰ ਜੰਮਣਾ ਹੈ ਕੌਣ ਮੇਰੇ ਮਾਤਾ ਪਿਤਾ ਹਨ। ਉਹ ਹਰ ਵੇਲੇ ਇਹ ਹੀ ਅਰਦਾਸ ਕਰਦਾ ਹੈ ਮੈਨੂੰ ਬੱਚਾ ਲੈਣ।
ਪਰਮਾਤਮਾ ਦੇ ਚਰਨਾਂ ਵਿਚ ਦੋ ਸ਼ਬਦ ਇਕ ਅਰਦਾਸ ਤੇ ਦੂਜਾ ਧਿਆਨ। ਜਦੋਂ ਅਰਦਾਸ ਕਰਨ ਵਾਲਾ ਅਰਦਾਸ ਕਰਦਾ ਹੈ

ਇੱਥੇ ਇਹ ਦੱਸਣਾ ਜ਼ਰੂਰੀ ਹੈ ਹਰਿਮੰਦਰ ਸਾਹਿਬ ਵਿਚ ਵੀ ਉਹ ਤਕਰੀਬਨ ਛੇ ਵਾਰੀ ਕਹਿੰਦਾ ਹੈ ਕਿ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ। ਅਸਲ ਵਿਚ ਅਰਦਾਸ ਦਾ ਅਰਥ ਇਹ ਹੈ ਕਿ ਜਿਹੜਾ ਜਨਮ ਤੋਂ ਪਹਿਲਾਂ ਧਿਆਨ ਸੀ ਰੱਬ ਮੇਹਰ ਕਰੀਂ ਉਹ ਗੁਆਚਿਆ ਹੋਇਆ ਧਿਆਨ ਕਿਤੇ ਲੱਭ ਜਾਏ। ਅਰਦਾਸ ਵਿੱਚ ਇੰਨੀ ਵੱਡੀ ਸ਼ਕਤੀ ਰੱਖਦੀ ਹੈ।
ਤੇਰੀ ਜ਼ਿੰਦਗੀ ਦਾ ਕੋਈ ਕੰਮ ਹੋਵੇ ਬਸ ਇਕ ਕੰਮ ਚੇਤੇ ਰੱਖੀਂ
ਬਸ ਤੇਰਾ ਕੰਮ ਕਿਸੇ ਨੇਤਾ ਨੇ ਨਹੀਂ ਕਰਣਾ ਸਿਰਫ਼ ਤੇਰੀ ਇਕ ਅਰਦਾਸ ਬੇਨਤੀ ਕਰਨੀ ਹੈ ਹੇ ਦਾਤਾ ਮੈਂ ਤੇਰਾ ਬੱਚਾ ਹਾਂ ਭੁੱਲਣ ਹਾਰਾ ਹਾਂ ਨੀਚ ਹਾਂ ਤੂੰ ਮੇਰੀ ਪੱਤ ਰੱਖ ਪਰਮਾਤਮਾ ਤੇਰੇ ਬਿਨਾ ਮੇਰੀ ਕਿਸੇ ਨੇ ਬਾਂਹ ਨਹੀਂ ਫੜੀ ਕ੍ਰਿਪਾ ਕਰਕੇ ਮੈਨੂੰ ਬਖਸ਼ ਲੈ।
ਮੇਰੀ ਬੁਧੀ ,ਬਲ ਅਕਲ ਸਭ ਸਾਥ ਛੱਡ ਗਏ ਹਨ। ਅਰਦਾਸ ਕਦੀ ਸਾਥ ਨਹੀਂ ਛੱਡਦੀ ਤੇ ਪਰਮਾਤਮਾ ਨੇੜੇ ਹੋਕੇ ਸੁਣਦਾ ਹੈ।

## ਬੱਚਿਆਂ ਲਈ ਮੁਕਾਬਲਾ ਪ੍ਰੀਖਿਆ ਦੀ ਤਿਆਰੀ ਇੱਕ ਗੰਭੀਰ ਚੁਣੌਤੀ !

ਵਰਲਡ ਪੰਜਾਬੀ ਟਾਈਮਜ਼
ਪਰਮਿੰਦਰ ਕੌਰ

ਅੱਜ ਦੇ ਸਮੇਂ ਵਿੱਚ ਜੇਕਰ ਉਪਰੋਕਤ ਵਿਸ਼ੇ ਵੱਲ ਝਾਤ ਮਾਰੀਏ ਤਾਂ ਸੱਚਮੁਚ ਹੀ ਇਹ ਇੱਕ ਵੱਡੀ ਸਮੱਸਿਆ ਬਣ ਚੁੱਕੀ ਹੈ। ਸਭ ਤੋਂ ਪਹਿਲਾਂ ਤਾਂ ਦਸਵੀਂ ਪਾਸ ਕਰਨ ਉਪਰੰਤ ਕਿਸ ਖੇਤਰ ਵੱਲ ਜਾਇਆ ਜਾਵੇ,ਇਹ ਹੀ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ।ਫਿਰ ਜੇਕਰ ਇਹ ਨਿਸ਼ਚਿਤ ਹੋ ਜਾਵੇ ਕਿ ਕਿਸ ਪਾਸੇ ਵੱਲ ਜਾਣਾ ਹੈ ਤਾਂ ਅੱਗੇ ਆਉਂਦੀ ਹੈ ਇੱਕ ਹੋਰ ਚੁਣੌਤੀ, ਕਿ ਉਸ ਕੋਰਸ ਵਿੱਚ ਦਾਖ਼ਲਾ ਲੈਣ ਲਈ ਤਿਆਰੀ ਕਿਸ ਪ੍ਰਕਾਰ ਕੀਤੀ ਜਾਵੇ । ਕਿਉਂਕਿ ਅੱਜ ਦੇ ਇਸ ਕੰਪਿਊਟਰ ਯੁੱਗ ਵਿੱਚ ਮੁਕਾਬਲਾ



ਪ੍ਰੀਖਿਆਵਾਂ ਦੀ ਤਿਆਰੀ ਕਰਨਾ ਸੌਖਾ ਨਹੀਂ। ਜਿਸ ਮਰਜ਼ੀ ਖੇਤਰ ਵਿੱਚ ਚਲੇ ਜਾਓ, ਤੁਹਾਨੂੰ ਸ਼ਤ ਪ੍ਰਤੀਸ਼ਤ ਨੰਬਰ ਲੈਣ ਵਾਲੇ ਹਜ਼ਾਰਾਂ ਵਿਦਿਆਰਥੀ ਮਿਲ ਜਾਣਗੇ, ਜਿਸ ਕਾਰਨ ਦਿਨ ਬ ਦਿਨ ਇਹਨਾਂ ਮੁਕਾਬਲਾ ਪ੍ਰੀਖਿਆਵਾਂ/ ਟੈਸਟਾਂ ਨੂੰ ਪਾਸ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਪਰ ਜੇਕਰ ਸਹੀ ਵਿਉਂਤਬੰਦੀ ਨਾਲ, ਸਹੀ ਸਮੇਂ ਦੌਰਾਨ ਤਿਆਰੀ ਕੀਤੀ ਜਾਵੇ ਤਾਂ ਫਿਰ ਕੁਝ ਵੀ ਔਖਾ ਨਹੀਂ ਹੁੰਦਾ। ਵਿਦਿਆਰਥੀ ਅਸਾਨੀ ਨਾਲ ਇਹ ਮੁਕਾਬਲੇ ਪਾਸ ਕਰ ਜਾਂਦੇ ਹਨ। ਜੇਕਰ ਥੋੜੀ ਜਿਹੀ ਯੋਜਨਾਬੰਦੀ ਤੋਂ ਕੰਮ ਲਿਆ ਜਾਵੇ ਤਾਂ ਔਖੇ ਤੋਂ ਔਖਾ ਮੁਕਾਬਲਾ ਵੀ ਜਿੱਤਿਆ। ਇਸ ਲਈ ਸਭ ਤੋਂ ਪਹਿਲੀ ਗੱਲ ਹੈ ਆਤਮ ਵਿਸ਼ਵਾਸ, ਜੇਕਰ ਅਸੀਂ ਆਪਣੇ ਅੰਦਰ ਇਹ ਭਾਵਨਾ ਭਰ ਲੈਂਦੇ ਹਾਂ ਕਿ ਮੈਂ ਇਹ ਕੰਮ ਕਰਨਾ ਹੀ ਹੈ ਭਾਵੇਂ ਉਹ ਕਿੰਨਾ ਹੀ ਔਖਾ ਕਿਉਂ ਨਾ ਹੋਵੇ ਤਾਂ ਵੀ ਅਸੀਂ ਉਸ ਵਿੱਚ ਸਫਲ ਹੋ ਜਾਂਦੇ ਹਾਂ।ਆਤਮ ਵਿਸ਼ਵਾਸ, ਹੌਂਸਲਾ ਅਤੇ ਸਮੇਂ ਦਾ ਸਦਉਪਯੋਗ ਜੇਕਰ ਅਸੀਂ ਇਹਨਾਂ ਤਿੰਨਾਂ ਦਾ ਸੁਮੇਲ ਬਣਾ ਕੇ ਮਿਹਨਤ ਕਰਦੇ ਜਾਂਦੇ ਹਾਂ ਤਾਂ ਸਾਨੂੰ ਸਫਲਤਾ ਜ਼ਰੂਰ ਮਿਲਦੀ ਹੈ। ਕੁਝ ਵਿਦਿਆਰਥੀ ਇੱਕ ਵਾਰ ਦੀ ਅਸਫਲਤਾ ਤੋਂ ਹੀ ਘਬਰਾ ਕੇ ਆਤਮ ਵਿਸ਼ਵਾਸ ਗਵਾ ਬੈਠਦੇ ਹਨ ਕਿ ਮੇਰੇ ਤੋਂ ਇਹ ਕੰਮ ਹੋ ਹੀ ਨਹੀਂ ਸਕਦਾ ਜਾਂ ਮੈਂ ਇਹ ਕਰ ਹੀ ਨਹੀਂ ਸਕਦਾ । ਜਦੋਂਕਿ ਅਜਿਹਾ ਕੁਝ ਵੀ ਨਹੀਂ ਹੁੰਦਾ, ਬੱਚਿਓ ਜੇਕਰ ਅਸੀਂ ਸਹੀ ਤਰੀਕੇ ਨਾਲ ਵਿਉਂਤ ਬੰਦੀ ਬਣਾ ਕੇ ਕਿਸੇ ਇੱਕ ਖੇਤਰ ਵੱਲ ਜਾਣ ਦਾ ਟੀਚਾ ਮਿੱਥ ਲਈਏ ਤਾਂ ਸਿਰਫ ਦੋ ਜਾਂ ਤਿੰਨ ਸਾਲ ਦੀ ਕੀਤੀ ਅਣਥੱਕ ਮਿਹਨਤ ਸਾਨੂੰ ਉਸ ਟੀਚੇ ਵੱਲ ਲੈ ਜਾਂਦੀ ਹੈ, ਫਿਰ ਸਾਰੀ ਜ਼ਿੰਦਗੀ ਹੀ ਸੁਖਦਾਇਕ ਹੋ ਜਾਦੀ ਹੈ । ਕੁਝ ਵੀ ਅਸੰਭਵ ਨਹੀਂ ਹੁੰਦਾ, ਕਿਉਂਕਿ ਅਸੰਭਵ ਸ਼ਬਦ ਨੂੰ ਜੇਕਰ ਅੰਗਰੇਜ਼ੀ ਵਿੱਚ ਲਿਖੀਏ ਤਾਂ **Impossible** ਹੁੰਦਾ ਹੈ ਜੋ ਕਿ ਖੁਦ ਹੀ ਕਹਿ ਰਿਹਾ ਹੈ ਕਿ **I M Possible** ਇਸ ਕਰਕੇ ਸਕਾਰਾਤਮਕ ਸੋਚ ਰੱਖ ਕੇ ਜੇਕਰ ਅਸੀਂ ਅੱਗੇ ਵਧਾਂਗੇ ਤਾਂ ਫਿਰ ਪ੍ਰਮਤਮਾ ਵੀ ਸਾਡਾ ਸਾਥ ਦਿੰਦਾ ਹੈ, ਹਿੰਮਤ-ਏ-ਮਰਦਾ,ਮਦਦ-ਏ -ਖ਼ੁਦਾ ਸਹੀ ਦਿਸ਼ਾ ਵੱਲ, ਸਹੀ ਸਮੇਂ ਤੇ ਕੀਤੀ ਗਈ ਮਿਹਨਤ ਸਾਰਥਕ ਨਤੀਜੇ ਲਿਆਉਂਦੀ ਹੈ। ਮੁਕਾਬਲਾ ਪ੍ਰੀਖਿਆਵਾਂ ਨੂੰ ਬੋਝ ਨਹੀਂ, ਸਗੋਂ ਚੁਣੌਤੀ ਮੰਨ ਕੇ ਤਿਆਰੀ ਕਰਨੀ ਚਾਹੀਦੀ ਹੈ।

## ਯਾਦਾਂ ਸੰਗ ਵਕ਼ਤ

ਵਰਲਡ ਪੰਜਾਬੀ ਟਾਈਮਜ਼
ਬਲਤੇਜ ਸੰਧੂ

ਰੱਬਾ ਉਪਰ ਮੁਲਖ਼ ਵਸਾਇਆ ਕਿਹੜਾ
ਜਹਾਨੋਂ ਤੁਰ ਗਏ ਆਖ਼ਰ ਮੁੜਕੇ ਆਉਂਦੇ ਕਿਉਂ ਨੀ

ਰੋ ਰੋ ਅੱਖੀਆਂ ਵਿੱਚੋਂ ਹੰਝੂ ਮੁੱਕ ਗਏ
ਇੱਕ ਵਾਰ ਆਣ ਵਰਾਉਂਦੇ ਕਿਉਂ ਨੀ

ਤਸਵੀਰਾਂ ਤੱਕ ਤੱਕ ਯਾਦਾਂ ਦੇ ਸੰਗ ਵਕ਼ਤ ਲੰਘਾਈਏ
ਐਨੇ ਕਾਹਤੋਂ ਬੇਮੁੱਖ ਹੋ ਗਏ ਇੱਕ ਵਾਰੀ ਸੀਨੇ ਲਾਉਂਦੇ ਕਿਉਂ ਨੀ

ਕੰਧ ਤੇ ਜਿਹੜੇ ਮੂਰਤ ਬਣ ਕੇ ਬਹਿ ਗਏ
ਦੁੱਖ ਸੁੱਖ ਸਾਡੇ ਨਾਲ ਵੰਡਾਉਂਦੇ ਕਿਉਂ ਨੀ

ਦੋ ਬੋਲ ਸੁਣਨ ਲਈ ਕੰਨ ਤਾਂ ਤਰਸੇ ਪਏ ਆ
ਪਤਾ ਨਹੀਂ ਘੁੱਟ ਗਲਵੱਕੜੀ ਪਾਉਂਦੇ ਕਿਉਂ ਨੀ

ਖੌਰੇ ਕਿਹੜੇ ਦਰ ਮੱਲ ਕੇ ਬਹਿ ਗਏ
ਸਾਡੇ ਬੂਹੇ ਪੈਰ ਟਿਕਾਉਂਦੇ ਕਿਉਂ ਨੀ

ਸਾਹਾਂ ਦੇ ਸੰਗ ਸੰਧੂਆਂ ਜਿਹੜੇ ਸ਼ਾਹ ਸੀ ਲੈਂਦੇ
ਹੁਣ ਸਾਹਮਣੇ ਬੈਠ ਬੁਲਾਉਂਦੇ ਕਿਉਂ ਨੀ

ਸਾਹਮਣੇ ਬੈਠ ਬੁਲਾਉਂਦੇ ਕਿਉਂ ਨੀ
ਬੁਲਾਉਂਦੇ ਕਿਉਂ ਨੀ,,,


## ਰੱਸੀਆਂ ਤੋਂ ਕਪੜੇ ਉਡਾਣ ਵਾਲੇ ਪ੍ਰੇਤ ਦਾ ਸਫ਼ਾਇਆ ਕੀਤਾ –ਤਰਕਸ਼ੀਲ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮ ਵੇਦ

ਕਈ ਸਾਲ ਪਹਿਲਾਂ ਦੀ ਗੱਲ ਹੈ,ਮੇਰੇ ਸਕੂਲ ਦੇ ਨਾਲ ਲਗਦੇ ਦਫਤਰ ਵਿੱਚ ਕੰਮ ਕਰਦੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਹਰੀ ਸਿੰਘ ਤਰਕ (ਹੁਣ ਮਰਹੂਮ) ਦਾ ਸੁਨੇਹਾ ਮਿਲਿਆ ਕਿ ਮੈਂ ਉਨਾਂ ਨੂੰ ਆ ਕੇ ਮਿਲਾਂ।ਉਨਾਂ ਦਾ ਸੁਨੇਹਾ ਮਿਲਦਿਆ ਹੀ, ਮੈਂ ਉਨਾਂ ਕੋਲ ਪਹੁੰਚਿਆ।ਉਨਾਂ ਆਪਣੇ ਕੋਲ ਬੈਠੇ ਵਿਅਕਤੀ ਬਾਰੇ ਦੱਸਿਆ ਕਿ ਇਹ ਖਨੌਰੀ ਨੇੜਲੇ ਇੱਕ ਪਿੰਡ ਤੋਂ ਆਇਆ ਹੈ ਤੇ ਤਰਕਸ਼ੀਲਾਂ ਨੂੰ ਮਿਲਣਾ ਚਾਹੁੰਦਾ ਹਾਂ।ਇਨ੍ਹਾਂ ਦੇ ਘਰ ਕੁੱਝ ਰਹੱਸਮਈ ਘਟਨਾਵਾਂ ਵਾਪਰ ਰਹੀਆਂ ਹਨ। ਮੈਂ ਵਾਪਰ ਰਹੀਆਂ ਘਟਨਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ।ਉਸ ਨੇ ਕਿਹਾ ਕਿ ਕਈ ਦਿਨਾਂ ਤੋਂ ਸਾਡੇ ਘਰ ਭੂਤ—ਪ੍ਰੇਤ ਖੇਡਾਂ ਕਰ ਰਹੇ ਹਨ,ਉਹ ਸਾਡੇ ਜੀਆਂ ਦੀ ਪਿੱਠ ਉਤੇ ਡੰਡੇ ਮਾਰਦੇ ਨੇ ਤੇ ਰੱਸੀ ਤੇ ਟੰਗੇ ਕੱਪੜੇ ਸਾਡੀਆਂ ਅੱਖਾਂ ਸਾਹਮਣੇ ,ਆਪਣੇ ਆਪ ਉੱਡਣ ਲੱਗ ਜਾਂਦੇ ਹਨ।ਸਾਡੀਆਂ ਅੱਖਾਂ ਦੇ ਸਾਹਮਣੇ ਹੀ ,ਰਸੋਈ ਦੇ ਭਾਂਡੇ ਆਪਣੇ ਆਪ ਸੈਲਫਾਂ ਤੋਂ ਹੇਠਾਂ ਆ ਜਾਦੇ ਹਨ।ਕਈ ਗਹਿਣੇ ਵੀ ਗੁੰਮ ਹੋ ਚੁੱਕੇ ਹਨ।ਬਹੁਤ ਸਾਰੇ ਸਿਆਣਿਆਂ ਨੂੰ ਬੁਲਾ ਚੁੱਕੇ ਹਾਂ,ਕੋਈ ਕਹਿੰਦਾ ਕਿ ਤੁਹਾਡਾ ਵਡੇਰਾ ਕੁਲਟਿਆ ਹੈ,ਕੋਈ ਕਹਿੰਦਾ ਕਿ ਘਰੇ ਪ੍ਰੇਤ ਆ ਵੜਿਆ ਹੈ। ਕੋਈ ਕੁੱਝ,ਕੋਈ ਕੁੱਝ ਆਖਦਾ ਹੈ। ਪ੍ਰੇਤ ਨੂੰ ਕੱਢਣ ਲਈ ਉਨਾਂ ਵਧੇਰੇ ਯਤਨ ਕੀਤੇ ਪਰ ਪ੍ਰੇਤ ਦੀ ਕਾਰਵਾਈ ਰੁੱਕ ਨਹੀਂ ਰਹੀ।ਸਾਨੂੰ ਇੱਕ—ਇੱਕ ਦਿਨ ਲੰਘਾਉਣਾ ਪਹਾੜ ਜਿੱਡਾ ਲੱਗ ਰਿਹਾ ਹੈ। ਮੈ ਅੱਜ ਰਾਜਸਥਾਨ ਕਿਸੇ ਸਿਆਣੇ ਨੂੰ ਲੈਣ ਜਾ ਰਿਹਾ ਸੀ,ਉਸ ਸਮੇਂ ਮੈਨੂੰ ਮੇਰਾ ਇਕ ਰਿਸ਼ਤੇਦਾਰ ਮਿਲਿਆ , ਉਸ ਨੇ ਮੇਰੀ ਘਬਰਾਹਟ/ਪ੍ਰੇਸ਼ਾਨੀ ਦਾ ਕਾਰਨ ਪੁੱਛਿਆ ।ਸਾਰੀ ਗੱਲ ਸੁਣਨ/ਪੁੱਛਣ ਤੋਂ ਬਾਅਦ ਉਨਾਂ ਨੇ ਮੈਨੂੰ ਇੱਕ ਵਾਰੀ ਤਰਕਸ਼ੀਲਾਂ ਕੋਲ ਜਾਣ ਦੀ ਸਲਾਹ ਦਿੱਤੀ ਹੈ।ਇਸ ਲਈ ਮੈਂ ਤੁਹਾਡੇ ਕੋਲ ਆਇਆ ਹਾਂ,ਸਾਡੀ ਪ੍ਰੇਸ਼ਾਨੀ ਦੂਰ ਕਰੋ।ਉਸ ਨੇ ਫਿਰ ਕਿਹਾ ,ਸਾਡੇ ਘਰ ਬਹੁਤ ਵੱਡਾ ਪ੍ਰੇਤ ਵੜ ਗਿਆ ਹੈ।ਉਸ ਨੂੰ ਕੱਢਣ ਲਈ ਤੁਸੀਂ ਆਪਣੇ ਜਿੰਨੇ ਮਰਜ਼ੀ ਬੰਦੇ ਬਾਹਰੋਂ ਮੰਗਵਾ ਲਵੋ,ਸਾਰਾ ਖਰਚਾ ਸਾਡਾ ਹੋਵੇਗਾ।ਮੈਂ ਕਿਹਾ ਕਿ ਕੱਲ ਨੂੰ ਅਸੀਂ ਤੁਹਾਡੇ ਘਰ ਆਵਾਂਗੇ ਅਤੇ ਪ੍ਰੇਤ ਫੜ ਲਿਆਵਾਂਗੇ। ਉਮੀਦ ਕਰਦੇ ਹਾਂ,ਸਾਡੇ ਜਾਣ ਮਗਰੋਂ ਤੁਹਾਡੇ ਘਰੇ ਵਾਪਰਨ ਵਾਲੀਆਂ ਰਹੱਸਮਈ ਘਟਨਾਵਾਂ ਬੰਦ ਹੋ ਜਾਣਗੀਆਂ, ਮੈਂ ਉਸਨੂੰ ਹੌਂਸਲਾ ਦਿੱਤਾ ਤੇ ਕਿਹਾ ,” ਸਭ ਠੀਕ ਹੋ ਜਾਵੇਗਾ। ਬਸ ਇਕ ਗੱਲ ਦਾ ਖਿਆਲ ਰੱਖਣਾ ਕਿ ਜਿਵੇਂ ਅਸੀਂ ਕਹਾਂਗੇ ,ਉਸੇ ਤਰ੍ਹਾਂ ਸਾਡੀ ਗੱਲ ਮੰਨਣੀ ਪਵੇਗੀ।” ਉਸ ਕਿਹਾ ,” ਜੇ ਇਕ ਲੱਤ ਦੇ ਭਾਰ ਖੜਨ ਨੂੰ ਕਹੋਂਗੇ ,ਅਸੀ ਇਕ ਲੱਤ ਦੇ ਭਾਰ ਵੀ ਖੜਾਂਗੇ।”
ਦਿੱਤੇ ਸਮੇਂ ਮੁਤਾਬਕ ਹਰੀ ਸਿੰਘ ਤਰਕ,ਰਾਣਾ ਸਿੰਘ, ਮੇਰੇ (ਮਾਸਟਰ ਪਰਮਵੇਦ) ਸਮੇਤ ਤਰਕਸ਼ੀਲ ਟੀਮ ਸਬੰਧਤ ਘਰੇ ਜਾ ਪਹੁੰਚੀ । ਘਰੇ ਸਹਿਮ ਭਰਿਆ ਮਹੌਲ ਸੀ।ਸਵੇਰੇ ਟਰੰਕ ਖੋਲ ਰਹੇ ਬਜ਼ੁਰਗ ਦੀ ਪਿੱਠ ਉੱਤੇ ਡੰਡਾ ਵੀ ਪਿਆ ਸੀ। ਤਰਕਸ਼ੀਲ ਸਾਥੀਆਂ ਨੇ ਬਾਹਰ ਇਕੱਠੇ ਹੋਏ ਲੋਕਾਂ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ ।ਮੈਂ ,ਇਕੱਲੇ – ਇਕੱਲੇ ਪ੍ਰਵਾਰਿਕ ਮੈਬਰਾਂ ਨਾਲ ਗੱਲ ਕਰਨੀ ਸ਼ੁਰੂ ਕੀਤੀ।
ਥੋੜੇ ਸਮੇਂ ਵਿੱਚ ਹੀ ਮੈਂ ਘਟਨਾਵਾਂ ਕਰਨ ਵਾਲੇ ਵਿਅਕਤੀ ਦੀ ਸ਼ਨਾਖਤ ਕਰ ਲਈ।ਜਦੋਂ ਪ੍ਰਵਾਰ ਦੇ ਇਕੱਲੇ—ਇਕੱਲੇ ਮੈਂਬਰ ਤੋਂ ਘਟਨਾਵਾਂ ਬਾਰੇ ਪੁੱਛਿਆ ਤਾਂ ਇਕ ਤੋਂ ਬਿਨਾਂ ਸਾਰਿਆਂ ਨੇ ਕਿਹਾ ,
“ਕੱਪੜੇ ਤੇ ਭਾਂਡੇ ਡਿਗੇ ਦੇਖੇ ਨੇ ,ਸਾਡੀਆਂ ਅੱਖਾਂ ਸਾਹਮਣੇ ਆਪਣੇ —ਆਪ ਡਿੱਗਦੇ ਨਹੀਂ ਦੇਖੇ ।ਇੱਕ ਨੇ ਹੀ ਕਿਹਾ ,
” ਕੱਪੜੇ ਮੈਂ ਆਪਣੀਆਂ ਅੱਖਾਂ ਸਾਹਮਣੇ ਉੱਡਦੇ ਤੇ ਭਾਂਡੇ ਅੱਖਾਂ ਸਾਹਮਣੇ ਸੈਲਫਾਂ ਤੋਂ ਥੱਲੇ ਡਿੱਗਦੇ ਦੇਖੇ ਹਨ।”
ਮੈਂ ਉਸ ਨੂੰ ਕਿਹਾ ,”ਸਵੇਰੇ ਤੇਰੇ ਹੱਥ ਵਿੱਚ ਡੰਡਾ ਸੀ।”
ਉਸ ਨੇ ਕਿਹਾ, ” ਉਹ ਤਾਂ ਪਸ਼ੂਆਂ ਨੂੰ ਪਾਣੀ ਪਿਲਾਉਣ ਸਮੇਂ ਸੀ।”
ਮੈਂ ਦੁਬਾਰਾ ਪੁਛਿਆ,” ਕੱਪੜੇ ਤੈਨੂੰ ਆਪਣੇ ਆਪ ਉੱਡਦੇ ਦਿਖਦੇ ਨੇ?”
ਉਸ ਨੇ ਕਿਹਾ,” ਹਾਂ ਜੀ, ਮੇਰੀਆਂ ਅੱਖਾਂ ਸਾਹਮਣੇ ਆਪਣੇ—ਆਪ ਉੱਡਦੇ ਦਿੱਸਦੇ ਨੇ।”
ਮੇਰੀ ਪਰਖ ਪੱਕੀ ਹੋ ਗਈ।ਮੈਂ ਅਗਲਾ ਸਵਾਲ ਕੀਤਾ,” ਤੂੰ ਇਹ ਕਿਉਂ ਕਰਦੀ ਐਂ?”
ਸਾਨੂੰ ਪਤਾ ਹੈ ਕਿ ਭੂਤ—ਪ੍ਰੇਤ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ ।ਇਹ ਸੁਣ ਕੇ ਉਹ ਇੱਕਦਮ ਘਬਰਾ ਗਈ,ਠਠੰਬਰ ਗਈ।ਮੈਂ ਉਸ ਨੂੰ ਹੌਂਸਲਾਂ ਦਿੰਦੇ ਹੋਏ ਕਿਹਾ ,” ਘਬਰਾਉਣ ਦੀ ਲੋੜ ਨਹੀਂ ,ਇਹ ਜੋ ਕੁੱਝ ਵੀ ਹੋ ਰਿਹਾ ਹੈ, ਇਹ ਸਭ ਕੁੱਝ ਤੇਰੇ ਰਾਹੀਂ ਚਾਹੇ,ਅਣਚਾਹੇ ,ਜਾਣੇ, ਅਣਜਾਣੇ ਹੋ ਰਿਹਾ ਹੈ।ਜੇ ਤੂੰ ਸੱਚ ਦੱਸ ਦੇਵੇਂਗੀ ਤਾਂ ਤੇਰਾ ਨਾਮ ਨਹੀਂ ਲਿਆ ਜਾਵੇਗਾ । ਸਾਨੂੰ ਪਤਾ ਹੈ ਤੂੰ ਕਿਸੇ ਸਮੱਸਿਆ/ ਪ੍ਰੇਸ਼ਾਨੀ/ਨਰਾਜ਼ਗੀ ਕਰਕੇ ਇਹ ਕਰ ਰਹੀਂ ਹੈਂ। ਸਾਡੀ ਤੇਰੀ ਜਾਂ ਕਿਸੇ ਪਰਿਵਾਰਕ ਮੈਂਬਰ ਨਾਲ ਜਾਣ-ਪਛਾਣ, ਲਗਾਅ ਜਾਂ ਨਰਾਜ਼ਗੀ ਨਹੀਂ। ਸਾਡੀ ਤੇਰੇ ਨਾਲ ਹਮਦਰਦੀ ਹੈ ਤੇ ਰਹੇਗੀ ਵੀ।ਜੇ ਤੂੰ ਸੱਚ ਦੱਸ ਦੇਵੇਂਗੀ, ਤਾਂ ਤੇਰਾ ਨਾਮ ਕਦੇ ਵੀ ਕਿਸੇ ਕੋਲ ਵੀ ਨਹੀਂ ਦੱਸਿਆ ਜਾਵੇਗਾ।ਹੁਣ ਉਹ ਪੂਰੀ ਤਰ੍ਹਾਂ ਮੇਰੇ ਪ੍ਰਭਾਵ ਵੀ ਆ ਚੁੱਕੀ ਸੀ।”
ਸਾਰੀਆਂ ਘਟਨਾਵਾਂ ਕਰਨ ਦੀ ਗੱਲ ਮੰਨਦੇ ਹੋਏ ,ਉਸ ਨੇ ਕਿਹਾ ,”ਸਾਰਾ ਗੋਹਾ ਕੂੜਾ ਮੈਂ ਕਰਦੀ ਹਾਂ ,ਸਾਰੇ ਦੁਧਾਰੂ ਪਸ਼ੂਆਂ ਦੀ ਧਾਰ ਮੈਂ ਕਢਦੀ ਹਾਂ ,ਵੱਡੀ ਕੁੱਝ ਨਹੀਂ ਕਰਦੀ।ਖੇਤਾਂ ਵਿੱਚ ਮੇਰਾ ਘਰਵਾਲਾ ਮਿੱਟੀ ਨਾਲ ਮਿੱਟੀ ਹੁੰਦਾ ਹੈ ਪਰ ਸਾਡੀ ਘਰ ਵਿੱਚ ਕੋਈ ਪੁੱਛ ਨਹੀਂ ।ਮੇਰੀ ਸੱਸ ਆਏ ਸਾਲ ਸਾਰੀ ਕਮਾਈ ,ਆਪਣੀਆਂ ਕੁੜੀਆਂ ਨੂੰ ਲੁਟਾਈ ਜਾਂਦੀ ਹੈ,ਆਏ ਸਾਲ ਸੋਨੇ ਦੇ ਗਹਿਣੇ ਸਿਰਫ ਉਨਾਂ ਲਈ। ਹੁਣ ਸਿਆਣਿਆਂ ਕੋਲ ਭੱਜੇ ਫਿਰਦੇ ਨੇ, ਮੇਰੇ ਮਨ ਨੂੰ ਸ਼ਾਤੀ ਮਿਲ ਰਹੀ ਹੈ,ਠੰਢ ਪੈ ਰਹੀ ਹੈ।ਇਨਾਂ ਨੂੰ ਭੱਜੇ ਫਿਰਨ ਦਿਓ,ਲੁਟਾਉਣ ਦਿਓ ਪੈਸੇ, ਹੋਣ ਦਿਓ ਦੁਖੀ।”
ਉਸ ਦੀਆਂ ਬਹੁਤ ਸਾਰੀਆਂ ਨਰਾਜ਼ਗੀਆਂ ਸੁਣੀਆਂ ਤੇ ਬਹੁਤ ਸਾਰੀਆਂ ਗੱਲਾਂ ਉਸ ਨੂੰ ਸਮਝਾਈਆਂ ।ਨਨਾਣ — ਭਰਜਾਈ ਦੇ ਨਿੱਘੇ ਰਿਸ਼ਤੇ ਦੀ ਗੱਲ ਸਮਝਾਈ ।ਮੈਂ ਫਿਰ ਪੁੱਛਿਆ ਕਿ ਅੱਗੇ ਤੋਂ ਕੋਈ ਘਟਨਾ ਕਰੇਂਗੀ ? ਉਸ ਨੇ ਕਿਹਾ,”ਤੁਸੀਂ ਜਿਵੇਂ ਕਹੋਂਗੇ, ਸੋਡੀ ਹਰ ਗਲ ਮੰਨੂਗੀ, ਤੁਸੀਂ ਕਿਸੇ ਕੋਲ ਮੇਰਾ ਨਾਮ ਨਹੀਂ ਲੈਣਾ । ਗੁੰਮ ਹੋਈਆਂ ਟੂੰਮਾਂ ਦੀ ਵਾਪਸੀ ਦੀ ਗੱਲ ਵੀ ਨਾ ਕਰਿਓ।”
ਅਸੀਂ ਕਿਹਾ ,” ਸਾਡੀ ਤੇਰੇ ਨਾਲ ਪੂਰੀ ਹਮਦਰਦੀ ਹੈ ਪਰ ਅੱਗੇ ਤੋਂ ਕੋਈ ਗੜਬੜ ਨਹੀਂ ਕਰਨੀ।ਤੇਰੀਆਂ ਸਮੱਸਿਆਵਾਂ ਖਤਮ ਕਰਵਾਵਾਂਗੇ,ਘਟਨਾਵਾਂ ਦਾ ਤੇਰੇ ਨਾਲ ਸਬੰਧ ਨਹੀਂ ਜੋੜਿਆ ਜਾਵੇਗਾ। ਤੈਨੂੰ ਤੇ ਤੇਰੇ ਘਰਵਾਲੇ ਨੂੰ ਪੂਰਾ ਮਾਣ ਸਤਿਕਾਰ ਮਿਲੇਗਾ। ਉਸ ਨੂੰ ਵਿਸ਼ਵਾਸ ਦਿਵਾਇਆ ਕਿ ਤੇਰਾ ਕੰਮ ਵੀ ਘਟਾਇਆ ਜਾਵੇਗਾ,ਆਮਦਨ ਬਰਾਬਰ ਮਿਲੇਗੀ,ਗਹਿਣੇ ਤੇ ਕੱਪੜੇ ਬਰਾਬਰ ਮਿਲਣਗੇ।”
ਪ੍ਰਵਾਰ ਦੇ ਇਕੱਲੇ—ਇਕੱਲੇ ਮੈਂਬਰ ਨਾਲ ਗੱਲ ਕਰਨ ਤੋਂ ਬਾਅਦ , ਅਸੀਂ ਆਪਸ ਵਿੱਚ ਬੈਠ ਕੇ ਪ੍ਰਵਾਰ ਦੇ ਸਮੂਹਕ ਮੈਬਰਾਂ ਨਾਲ ਗੱਲ ਕਰਨ ਦੇ ਨੁਕਤੇ ਸਾਂਝੇ ਕੀਤੇ ।ਪ੍ਰਵਾਰ ਦੇ ਸਾਰੇ ਮੈਬਰਾਂ ਨੂੰ ਇਕੱਠਾ ਕਰ ਕੇ
ਕਿਹਾ ,” ਅੱਜ ਤੋਂ ਬਾਅਦ ਤੁਹਾਡੇ ਘਰੇ ਰੱਸੀਆਂ ਤੇ ਪਾਏ ਕੱਪੜੇ ਆਪਣੇ —ਆਪ ਨਹੀਂ ਉਡਣਗੇ ,ਨਾਂ ਹੀ ਭਾਂਡੇ ਸੈਲਫਾਂ ਤੋਂ ਆਪਣੇ ਆਪ ਡਿਗਣਗੇ ,ਕੋਈ ਪ੍ਰੇਤ ਪਿੱਠ ਤੇ ਡੰਡੇ ਨਹੀਂ ਮਾਰੇਗਾ।ਜੋ ਟੂੰਮਾਂ ਗੁੰਮ ਹੋ ਗਈਆਂ ,ਗੁੰਮ ਹੀ ਰਹਿਣ ਦਿਓ ,ਉਨਾਂ ਨੂੰ ਭੁੱਲ ਜਾਓ।ਅੱਗੇ ਤੋਂ ਚੀਜਾਂ ਗੁੰਮ ਨਹੀਂ ਹੋਣਗੀਆਂ । ਇਹ ਸਭ ਕੁੱਝ ਲਈ ਸਾਡੀਆਂ ਕੁੱਝ ਸ਼ਰਤਾਂ ਮੰਨਣੀਆਂ ਪੈਣਗੀਆਂ ।ਘਰ, ਪਸ਼ੂਆਂ ਅਤੇ ਖੇਤੀ ਦਾ ਕੰਮ ਸਾਰੇ ਮੈਬਰਾਂ ਨੇ ਰਲ ਮਿਲ ਕੇ ,ਬਰਾਬਰ ਕਰਨਾ ਹੈ।ਕਿਸੇ ਨੇ ਵਿਹਲੇ ਨਹੀਂ ਰਹਿਣਾ ।ਘਰ ਦੇ ਸਾਰੇ ਮੈਬਰਾਂ ਨੂੰ ਆਪੋ ਆਪਣੀ ਪਸੰਦ ਦੇ ਗਹਿਣੇ ਤੇ ਕੱਪੜੇ ਬਰਾਬਰ ਬਣਾ ਕੇ ਦੇਣੇ ਹਨ।ਕਿਸੇ ਵੀ ਮੈਂਬਰ ਨਾਲ ਪੱਖਪਾਤ ਨਹੀਂ ਕਰਨਾ।ਖੇਤੀ ਦੀ ਕਮਾਈ,ਘਰ ਵਿੱਚ ਪੱਕੇ ਤੌਰ ਤੇ ਰਹਿਣ ਵਾਲੇ ਮੈਂਬਰਾਂ ਲਈ ਹੀ ਖਰਚਣੀ ਹੈ।”
ਪ੍ਰਵਾਰ ਦੇ ਮੁਖੀ ਨੇ ਕਿਹਾ ਕਿ ਤੁਹਾਡੀਆਂ ਸਾਰੀਆਂ ਗੱਲਾਂ ਮੰਨੀਆਂ ਜਾਣਗੀਆਂ,ਸਾਡੀ ਪ੍ਰੇਸ਼ਾਨੀ ਦੂਰ ਹੋਣੀ ਚਾਹੀਦੀ ਹੈ।
“ਵਧੀਆ ਤੇ ਬਰਾਬਰੀ ਵਾਲੇ ਮਹੌਲ ਵਾਲੇ ਘਰ ਵਿਚੋਂ ਭੂਤ —ਪ੍ਰੇਤ ਰਫੂ ਚੱਕਰ ਹੋ ਜਾਂਦੇ ਹਨ।”
ਉਨਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਸਾਡੀਆਂ ਗੱਲਾਂ ਤੇ ਅਮਲ ਕਰੋ ,ਸੱਭ ਠੀਕ ਰਹੇਗਾ।ਰੱਸੀਆਂ ਤੋਂ ਕੱਪੜੇ ਉਡਾਉਣ ਵਾਲੇ ਤੇ ਡੰਡੇ ਮਾਰਨ ਵਾਲੇ ਪ੍ਰੇਤ ਦਾ ਸਫਾਇਆ ਕਰ ਕੇ ਅਤੇ ਘਰ ਦੇ ਸਹਿਮ ਭਰੇ ਡਰਾਉਣੇ ਮਾਹੌਲ ਨੂੰ ਖੁਸ਼ਗਵਾਰ ਬਣਾ ਕੇ,ਅਸੀਂ ਘਰ ਪਰਤ ਆਏ।
ਉਸ ਦੀਆਂ ਬਹੁਤ ਸਾਰੀਆਂ ਨਰਾਜ਼ਗੀਆਂ ਸੁਣੀਆਂ ਤੇ ਬਹੁਤ ਸਾਰੀਆਂ ਗੱਲਾਂ ਉਸ ਨੂੰ ਸਮਝਾਈਆਂ ।ਨਨਾਣ — ਭਰਜਾਈ ਦੇ ਨਿੱਘੇ ਰਿਸ਼ਤੇ ਦੀ ਗੱਲ ਸਮਝਾਈ ।ਮੈਂ ਫਿਰ ਪੁੱਛਿਆ ਕਿ ਅੱਗੇ ਤੋਂ ਕੋਈ ਘਟਨਾ ਕਰੇਂਗੀ ? ਉਸ ਨੇ ਕਿਹਾ,”ਤੁਸੀਂ ਜਿਵੇਂ ਕਹੋਂਗੇ, ਸੋਡੀ ਹਰ ਗਲ ਮੰਨੂਗੀ, ਤੁਸੀਂ ਕਿਸੇ ਕੋਲ ਮੇਰਾ ਨਾਮ ਨਹੀਂ ਲੈਣਾ । ਗੁੰਮ ਹੋਈਆਂ ਟੂੰਮਾਂ ਦੀ ਵਾਪਸੀ ਦੀ ਗੱਲ ਵੀ ਨਾ ਕਰਿਓ।”
ਅਸੀਂ ਕਿਹਾ ,” ਸਾਡੀ ਤੇਰੇ ਨਾਲ ਪੂਰੀ ਹਮਦਰਦੀ ਹੈ ਪਰ ਅੱਗੇ ਤੋਂ ਕੋਈ ਗੜਬੜ ਨਹੀਂ ਕਰਨੀ।ਤੇਰੀਆਂ ਸਮੱਸਿਆਵਾਂ ਖਤਮ ਕਰਵਾਵਾਂਗੇ,ਘਟਨਾਵਾਂ ਦਾ ਤੇਰੇ ਨਾਲ ਸਬੰਧ ਨਹੀਂ ਜੋੜਿਆ ਜਾਵੇਗਾ। ਤੈਨੂੰ ਤੇ ਤੇਰੇ ਘਰਵਾਲੇ ਨੂੰ ਪੂਰਾ ਮਾਣ ਸਤਿਕਾਰ ਮਿਲੇਗਾ। ਉਸ ਨੂੰ ਵਿਸ਼ਵਾਸ ਦਿਵਾਇਆ ਕਿ ਤੇਰਾ ਕੰਮ ਵੀ ਘਟਾਇਆ ਜਾਵੇਗਾ,ਆਮਦਨ ਬਰਾਬਰ ਮਿਲੇਗੀ,ਗਹਿਣੇ ਤੇ ਕੱਪੜੇ ਬਰਾਬਰ ਮਿਲਣਗੇ।”
ਪ੍ਰਵਾਰ ਦੇ ਇਕੱਲੇ—ਇਕੱਲੇ ਮੈਂਬਰ ਨਾਲ ਗੱਲ ਕਰਨ ਤੋਂ ਬਾਅਦ , ਅਸੀਂ ਆਪਸ ਵਿੱਚ ਬੈਠ ਕੇ ਪ੍ਰਵਾਰ ਦੇ ਸਮੂਹਕ ਮੈਬਰਾਂ ਨਾਲ ਗੱਲ ਕਰਨ ਦੇ ਨੁਕਤੇ ਸਾਂਝੇ ਕੀਤੇ ।ਪ੍ਰਵਾਰ ਦੇ ਸਾਰੇ ਮੈਬਰਾਂ ਨੂੰ ਇਕੱਠਾ ਕਰ ਕੇ
ਕਿਹਾ ,” ਅੱਜ ਤੋਂ ਬਾਅਦ ਤੁਹਾਡੇ ਘਰੇ ਰੱਸੀਆਂ ਤੇ ਪਾਏ ਕੱਪੜੇ ਆਪਣੇ —ਆਪ ਨਹੀਂ ਉਡਣਗੇ ,ਨਾਂ ਹੀ ਭਾਂਡੇ ਸੈਲਫਾਂ ਤੋਂ ਆਪਣੇ ਆਪ ਡਿਗਣਗੇ ,ਕੋਈ ਪ੍ਰੇਤ ਪਿੱਠ ਤੇ ਡੰਡੇ ਨਹੀਂ ਮਾਰੇਗਾ।ਜੋ ਟੂੰਮਾਂ ਗੁੰਮ ਹੋ ਗਈਆਂ ,ਗੁੰਮ ਹੀ ਰਹਿਣ ਦਿਓ ,ਉਨਾਂ ਨੂੰ ਭੁੱਲ ਜਾਓ।ਅੱਗੇ ਤੋਂ ਚੀਜਾਂ ਗੁੰਮ ਨਹੀਂ ਹੋਣਗੀਆਂ । ਇਹ ਸਭ ਕੁੱਝ ਲਈ ਸਾਡੀਆਂ ਕੁੱਝ ਸ਼ਰਤਾਂ ਮੰਨਣੀਆਂ ਪੈਣਗੀਆਂ ।ਘਰ, ਪਸ਼ੂਆਂ ਅਤੇ ਖੇਤੀ ਦਾ ਕੰਮ ਸਾਰੇ ਮੈਬਰਾਂ ਨੇ ਰਲ ਮਿਲ ਕੇ ,ਬਰਾਬਰ ਕਰਨਾ ਹੈ।ਕਿਸੇ ਨੇ ਵਿਹਲੇ ਨਹੀਂ ਰਹਿਣਾ ।ਘਰ ਦੇ ਸਾਰੇ ਮੈਬਰਾਂ ਨੂੰ ਆਪੋ ਆਪਣੀ ਪਸੰਦ ਦੇ ਗਹਿਣੇ ਤੇ ਕੱਪੜੇ ਬਰਾਬਰ ਬਣਾ ਕੇ ਦੇਣੇ ਹਨ।ਕਿਸੇ ਵੀ ਮੈਂਬਰ ਨਾਲ ਪੱਖਪਾਤ ਨਹੀਂ ਕਰਨਾ।ਖੇਤੀ ਦੀ ਕਮਾਈ,ਘਰ ਵਿੱਚ ਪੱਕੇ ਤੌਰ ਤੇ ਰਹਿਣ ਵਾਲੇ ਮੈਂਬਰਾਂ ਲਈ ਹੀ ਖਰਚਣੀ ਹੈ।”
ਪ੍ਰਵਾਰ ਦੇ ਮੁਖੀ ਨੇ ਕਿਹਾ ਕਿ ਤੁਹਾਡੀਆਂ ਸਾਰੀਆਂ ਗੱਲਾਂ ਮੰਨੀਆਂ ਜਾਣਗੀਆਂ,ਸਾਡੀ ਪ੍ਰੇਸ਼ਾਨੀ ਦੂਰ ਹੋਣੀ ਚਾਹੀਦੀ ਹੈ।
“ਵਧੀਆ ਤੇ ਬਰਾਬਰੀ ਵਾਲੇ ਮਹੌਲ ਵਾਲੇ ਘਰ ਵਿਚੋਂ ਭੂਤ —ਪ੍ਰੇਤ ਰਫੂ ਚੱਕਰ ਹੋ ਜਾਂਦੇ ਹਨ।”
ਉਨਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਸਾਡੀਆਂ ਗੱਲਾਂ ਤੇ ਅਮਲ ਕਰੋ ,ਸੱਭ ਠੀਕ ਰਹੇਗਾ।ਰੱਸੀਆਂ ਤੋਂ ਕੱਪੜੇ ਉਡਾਉਣ ਵਾਲੇ ਤੇ ਡੰਡੇ ਮਾਰਨ ਵਾਲੇ ਪ੍ਰੇਤ ਦਾ ਸਫਾਇਆ ਕਰ ਕੇ ਅਤੇ ਘਰ ਦੇ ਸਹਿਮ ਭਰੇ ਡਰਾਉਣੇ ਮਾਹੌਲ ਨੂੰ ਖੁਸ਼ਗਵਾਰ ਬਣਾ ਕੇ,ਅਸੀਂ ਘਰ ਪਰਤ ਆਏ।

## ਦੋਗਲਾ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ




ਉਂਜ ਤਾਂ ਕਾਲਜ ਵਿੱਚ ਅਧਿਆਪਕਾਂ ਦੇ ਦੋ ਧੜੇ ਸਨ- ਇੱਕ ਪ੍ਰਿੰਸੀਪਲ ਵਿਰੋਧੀ ਤੇ ਦੂਜਾ ਪ੍ਰਿੰਸੀਪਲ ਹਾਮੀ। ਪਰ ਇੱਕ ਪ੍ਰੋ. ਟੋਚੀ ਨਾਂ ਦਾ ਇੱਕ ਅਧਿਆਪਕ ਅਜਿਹਾ ਵੀ ਸੀ, ਜਿਹੜੇ ਅੰਦਰੋਂ ਪ੍ਰਿੰਸੀਪਲ ਨਾਲ ਤੇ ਬਾਹਰੋਂ ਵਿਰੋਧੀ ਧੜੇ ਨਾਲ ਸੀ। ਅਸਲ ਵਿੱਚ ਉਹ ਦੋਹਾਂ ਨਾਲ ਹੀ ਵਿਗਾੜਨੀ ਨਹੀਂ ਸੀ ਚਾਹੁੰਦਾ। ਪ੍ਰਿੰਸੀਪਲ ਕੋਲ ਜਾ ਕੇ ਵਿਰੋਧੀ ਧੜੇ ਦੇ ਮਨਸੂਬਿਆਂ ਬਾਰੇ ਦੱਸਦਾ ਤੇ ਵਿਰੋਧੀ ਧੜੇ ਕੋਲ ਜਾ ਕੇ ਪ੍ਰਿੰਸੀਪਲ ਦੇ ਵਿਰੁੱਧ ਬੋਲਦਾ, ਉਹਨੂੰ ਗਾਲਾਂ ਤੱਕ ਕੱਢਦਾ। ਵਿਰੋਧੀ ਧੜੇ ਦਾ ਮੁਖੀ ਪ੍ਰੋ. ਗੁਰਬੰਤ ਹਮੇਸ਼ਾ ਪ੍ਰਿੰਸੀਪਲ ਦੇ ਨੁਕਸ ਲੱਭਦਾ ਰਹਿੰਦਾ ਤੇ ਜਦੋਂ ਕਦੇ ਪ੍ਰਿੰਸੀਪਲ ਮੀਟਿੰਗ ਕਰਦਾ, ਉੱਥੇ ਉੱਚੀ ਉੱਚੀ ਬੋਲਦਾ। ਇੱਕ ਦਿਨ ਪ੍ਰੋ. ਗੁਰਬੰਤ ਨੇ ਅਧਿਆਪਕ ਯੂਨੀਅਨ ਦੀ ਮੀਟਿੰਗ ਰੱਖੀ, ਜਿਸ ਵਿੱਚ ਪ੍ਰਿੰਸੀਪਲ ਦੇ ਵਿਰੁੱਧ ਕੁਝ ਮਤੇ ਪੇਸ਼ ਕੀਤੇ ਗਏ। ਮੀਟਿੰਗ ਵਿੱਚ ਸ਼ਾਮਲ ਸਾਰੇ ਹੀ ਅਧਿਆਪਕਾਂ ਨੇ ਇਨ੍ਹਾਂ ਮਤਿਆਂ ਦੀ ਤਾਈਦ ਕੀਤੀ। ਦੋਗਲੇ ਕਿਰਦਾਰ ਵਾਲਾ ਅਧਿਆਪਕ ਪ੍ਰੋ. ਟੋਚੀ ਉੱਠ ਕੇ ਚਲਾ ਗਿਆ। ਯੂਨੀਅਨ ਨੇ ਕਾਫੀ ਚਿਰ ਉਹਨੂੰ ਉਡੀਕਿਆ ਪਰ ਉਹ ਨਾ ਆਇਆ। ਬਾਕੀ ਅਧਿਆਪਕਾਂ ਨੇ ਉਹਦੇ ਹਸਤਾਖਰਾਂ ਤੋਂ ਬਿਨਾਂ ਹੀ ਮਤਾ ਪਾਸ ਕਰ ਦਿੱਤਾ। ਅਗਲੇ ਦਿਨ ਜਦੋਂ ਗੁਰਬੰਤ ਤੇ ਟੋਚੀ ਕਨਟੀਨ ਵਿੱਚ ਆਹਮੋ-ਸਾਹਮਣੇ ਹੋਏ ਤਾਂ ਪ੍ਰੋ. ਗੁਰਬੰਤ ਨੇ ਉਹਨੂੰ ਪੁੱਛਿਆ, “ਯਾਰ, ਤੂੰ ਕੱਲ੍ਹ ਦਸਤਖਤ ਹੀ ਨਹੀਂ ਕਰਕੇ ਗਿਆ ਮੀਟਿੰਗ ਦੀ ਕਾਰਵਾਈ ਤੇ!” ਟੋਚੀ ਨੇ ਜਵਾਬ ਦਿੱਤਾ, “ਮੈਨੂੰ ਤਾਂ ਪ੍ਰੋ. ਸਾਬ ਲੂਜ਼ ਮੋਸ਼ਨ ਲੱਗੇ ਹੋਏ ਸਨ, ਤਾਂ ਹੀ ਛੇਤੀ ਉੱਠ ਕੇ ਚਲਾ ਗਿਆ ਸਾਂ।” ਪ੍ਰੋ. ਗੁਰਬੰਤ ਨੂੰ ਉਹਦੇ ਦੋਗਲੇ ਕਿਰਦਾਰ ਨੂੰ ਸਮਝਦਿਆਂ ਦੇਰ ਨਾ ਲੱਗੀ ਕਿਉਂਕਿ ਅੱਜ ਉਹ ਕਨਟੀਨ ਤੇ ਬੈਠਾ ਬਰੈਡ ਪਕੌੜੇ ਖਾ ਰਿਹਾ ਸੀ।